# ਨਾਰੀ ਮਨ ਦਾ ਦਮਿਤ ਪ੍ਰਵਚਨ : ਬਾਰਾਂ ਆਨਿਆਂ ਦੀ ਔਰਤ

ਜਗਬੀਰ ਸਿੰਘ*

ਬੁਸ਼ਰਾ ਏਜਾਜ਼ ਲਹਿੰਦੇ ਪੰਜਾਬ (ਪਾਕਿਸਤਾਨ) ਦੀ ਨਾਮਵਰ ਲੇਖਿਕਾ ਹੈ। ਕਵਿਤਾ, ਕਹਾਣੀ, ਸਫ਼ਰਨਾਮਾ ਅਤੇ ਜੀਵਨੀ ਵਰਗੀਆਂ ਵੱਖੋ-ਵੱਖਰੀਆਂ ਅਦਬੀ ਸਿਨਫ਼ਾਂ ਵਿਚ ਰਚਨਾ ਕਰਨ ਵਾਲੀ ਇਸ ਲੇਖਿਕਾ ਨੇ ਆਪਣੀ ਸਾਹਿਤਕ ਯੋਗਤਾ ਰਾਹੀਂ ਉਰਦੂ ਅਤੇ ਪੰਜਾਬੀ, ਦੋਹਾਂ ਜ਼ਬਾਨਾਂ, ਵਿਚ ਆਪਣਾ ਖ਼ਾਸ ਮੁਕਾਮ ਬਣਾਉਣ ਦਾ ਜਤਨ ਕੀਤਾ ਹੈ। 'ਬਾਰਾਂ ਆਨਿਆਂ ਦੀ ਔਰਤ' ਇਸ ਲੇਖਿਕਾ ਦਾ ਹੁਣੇ ਜਿਹੇ ਪ੍ਰਕਾਸ਼ਿਤ ਹੋਇਆ ਕਹਾਣੀ-ਸੰਗ੍ਰਹਿ ਹੈ। ਮੂਲ ਰੂਪ ਵਿਚ ਇਹ ਲੇਖਿਕਾ ਦੀਆਂ ਉਰਦੂ ਕਹਾਣੀਆਂ ਦੇ ਸੰਗ੍ਰਹਿ - ਬਾਰਾ ਆਨੇ ਕੀ ਔਰਤ - ਦਾ ਪੰਜਾਬੀ ਅਨੁਵਾਦ ਹੈ। ਲੋਕ ਗੀਤ ਪ੍ਰਕਾਸ਼ਨ ਵਲੋਂ ਪ੍ਰਕਾਸ਼ਿਤ ਇਸ ਕਹਾਣੀ-ਸੰਗ੍ਰਹਿ ਦਾ ਪੰਜਾਬੀ ਅਨੁਵਾਦ ਡਾ. ਕੁਲਜੀਤ ਕਪੂਰ ਨੇ ਕੀਤਾ ਹੈ। ਇਹ ਅਨੁਵਾਦ ਇਤਨਾ ਖ਼ੂਬਸੂਰਤ ਹੈ ਕਿ, ਪਹਿਲੀ ਨਜ਼ਰੇ, ਪੜ੍ਹਨ ਵਾਲੇ ਦੇ ਮਨ ਉੱਤੇ ਪੰਜਾਬੀ ਦੀ ਮੌਲਿਕ ਲਿਖਤ ਹੋਣ ਦਾ ਪ੍ਰਭਾਵ ਛੱਡਦਾ ਹੈ। ਪਰ ਜੇ ਗਹੁ ਨਾਲ ਦੇਖਿਆ ਜਾਵੇ ਤਾਂ ਮੌਲਿਕਤਾ ਦੀ ਇਹ ਝਲਕ ਨਿਰੋਲ ਅਨੁਵਾਦਕਾ ਦੇ ਉਚੇਚੇ ਜਤਨਾਂ ਉੱਤੇ ਮੁਨਹਸਰ ਨਹੀਂ ਜਾਪਦੀ ਸਗੋਂ ਇਸਦਾ ਅਸਲ ਕਾਰਣ ਇਨ੍ਹਾਂ ਕਹਾਣੀਆਂ ਵਿਚ ਪੇਸ਼ ਹੋਈ ਰਹਿਤਲ ਅਤੇ ਇਸਦਾ ਰਚਨਾਤਮਕ ਮੁਹਾਵਰਾ ਹੈ ਜੋ ਸਮੁੱਚੇ ਤੌਰ ਤੇ ਪੰਜਾਬੀ ਭਾਸ਼ਾ ਤੇ ਸਭਿਆਚਾਰ ਦੀ ਦੱਸ ਪਾਉਂਦਾ ਹੈ। ਇਸ ਵਿਚਲੀਆਂ ਕਹਾਣੀਆਂ ਅਜੋਕੇ ਦੌਰ ਵਿਚ ਜਿਉਣ ਵਾਲੇ ਪੰਜਾਬੀ ਬੰਦੇ ਦੀ ਮਸਲਿਆਂ ਵਿਚ ਘਿਰੀ ਹੋਂਦ ਦਾ ਵਿਸ਼ਲੇਸ਼ਣ ਵੀ ਪੇਸ਼ ਕਰਦੀਆਂ ਹਨ ਅਤੇ ਇਨਸਾਨੀ ਰਿਸ਼ਤਿਆਂ ਦੀ ਬਦਲ ਰਹੀ ਹਕੀਕਤ ਨੂੰ ਵੀ ਫ਼ਰੋਲਦੀਆਂ ਹਨ ਹੈ।

ਭਾਵੇਂ ਇਨ੍ਹਾਂ ਕਹਾਣੀਆਂ ਦਾ ਰਚਨਾ-ਸੰਸਾਰ, ਵਾਹਗਿਉਂ ਪਾਰ ਵਸਦੇ, ਲਹਿੰਦੇ ਪੰਜਾਬ ਦੀ ਨੁਮਾਇੰਦਗੀ ਕਰਦਾ ਹੈ ਅਤੇ ਓਥੋਂ ਦੇ ਸਮਾਜ-ਸਭਿਆਚਾਰਕ ਮਾਹੌਲ ਨੂੰ ਮਰਕਜ਼ ਵਿਚ ਰੱਖਦਾ ਹੈ। ਪਰ ਇਨ੍ਹਾਂ ਵਿਚ ਪੇਸ਼ ਹੋਇਆ ਇਨਸਾਨੀ ਮਨਜ਼ਰ ਚੜ੍ਹਦੇ ਪੰਜਾਬ ਦੇ ਪਾਠਕਾਂ ਲਈ ਵੀ ਓਪਰਾ ਨਹੀਂ। ਇਸਦਾ ਕਾਰਣ ਦੋਹਾਂ ਪੰਜਾਬਾਂ ਵਿਚਲੀ ਸਦੀਆਂ ਪੁਰਾਣੀ ਡੂੰਘੀ ਸਭਿਆਚਾਰਕ ਸਾਂਝ ਹੈ। ਅਸਲ ਵਿਚ ਸਿਆਸੀ ਹੱਦ-ਬੰਦੀਆਂ ਦੇ ਆਰ ਪਾਰ ਵਸਦੇ ਪੰਜਾਬੀ ਬੰਦੇ ਨੂੰ ਇਕੋ ਜਿਹੇ ਮਸਲੇ ਦਰਪੇਸ਼ ਹਨ। ਜਾਗੀਰਦਾਰੀ ਵਿਰਸੇ ਦੀਆਂ ਕਦਰਾਂ-ਕੀਮਤਾਂ, ਸਦੀਆਂ ਪੁਰਾਣੀਆਂ ਰੀਤਾਂ-ਰਵਾਇਤਾਂ ਅਤੇ ਇਨ੍ਹਾਂ ਨੂੰ ਵੰਗਾਰਨ ਵਾਲੀ ਨਵੀਂ ਚੇਤਨਾ, ਥੋੜੇ ਬਹੁਤੇ ਫ਼ਰਕ ਨਾਲ, ਦੋਹੀਂ ਪਾਸੀਂ ਇਕੋ ਜਿਹੀ ਹੈ। ਇਸਤੋਂ ਇਲਾਵਾ, ਅਜੋਕੇ ਦੌਰ ਵਿਚ ਆਧੁਨਿਕ ਚੇਤਨਾ ਅਤੇ ਗਲੋਬਲਾਈਜ਼ੇਸ਼ਨ ਦੇ ਵਧ ਰਹੇ ਅਸਰ ਹੇਠਾਂ ਇਨਸਾਨੀ ਰਿਸ਼ਤਿਆਂ ਵਿਚ ਆ ਰਹੀ ਤਬਦੀਲੀ ਵੀ ਦੋਹੀਂ ਪਾਸੀਂ ਇਕੋ ਜਿਹੀ ਹੈ। ਸੱਚ ਤਾਂ ਇਹ ਹੈ ਕਿ ਇਨਸਾਨੀ ਵਜੂਦ ਦੇ ਬੁਨਿਆਦੀ ਮਸਲੇ ਓਹੀ ਹਨ। ਇਧਰ ਵੀ ਤੇ ਓਧਰ ਵੀ। ਫ਼ਰਕ ਸਿਰਫ਼ ਮਜ਼ਬੀ ਅਕੀਦਿਆਂ ਤੇ ਰਵਾਇਤਾਂ ਦਾ ਹੈ ਅਤੇ ਜਾਂ ਫੇਰ ਸਿਆਸੀ ਨਜ਼ਾਮ ਦੇ ਵਖਰੇਵਿਆਂ ਦਾ ਹੈ। ਚੜ੍ਹਦੇ ਪੰਜਾਬ ਦੇ ਪਾਠਕ ਲਈ ਤਾਂ ਇਹ ਕਹਾਣੀਆਂ ਹੋਰ ਵੀ ਵਧੇਰੇ ਅਹਿਮੀਅਤ ਰੱਖਦੀਆਂ ਹਨ ਕਿਉਂਜੋ ਇਹ ਉਸਨੂੰ ਵਾਹਗਿਉਂ ਪਾਰ ਵਸਦੀ ਪੰਜਾਬੀਅਤ ਦੇ ਹੋਂਦ-ਮੁਖੀ ਸਰੋਕਾਰਾਂ ਨਾਲ ਅਹਿਸਾਸ ਦੀ ਨੇੜਲੀ ਸਾਂਝ ਪਾਉਣ ਅਤੇ ਉਸ ਨਾਲ ਹਮ-ਕਲਾਮ ਹੋਣ ਦਾ ਮੌਕਾ ਪੈਦਾ ਕਰਦੀਆਂ ਹਨ।

---

* ਸਬਕਾ ਪ੍ਰੋਫੈਸਰ ਤੇ ਮੁਖੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ।

ਬੁਸ਼ਰਾ ਏਜਾਜ਼ ਦੇ ਜੀਵਨ ਵੇਰਵੇ ਅਤੇ ਉਸਦੀਆਂ ਅਦਬੀ ਲਿਖਤਾਂ ਉੱਤੇ ਝਾਤ ਮਾਰਦਿਆਂ ਸਹਿਜੇ ਹੀ ਇਸ ਗੱਲ ਦਾ ਅਹਿਸਾਸ ਹੋ ਜਾਂਦਾ ਹੈ ਕਿ ਉਹ ਇਕ ਚਿੰਤਨਸ਼ੀਲ ਅਤੇ ਚੇਤਨ ਲੇਖਿਕਾ ਹੈ। ਜਾਗੀਰਦਾਰੀ ਵਿਰਸੇ ਅਤੇ ਉਪਰਲੀ ਮੱਧ ਸ਼੍ਰੇਣੀ ਨਾਲ ਸੰਬੰਧ ਰੱਖਣ ਵਾਲੀ ਇਸ ਲੇਖਿਕਾ ਨੂੰ ਇਸਲਾਮ ਦੀ ਪਰੰਪਰਕ ਸਿਖਿਆ ਦੇ ਨਾਲ ਨਾਲ ਸਾਹਿਤ ਪੜ੍ਹਨ ਦੀ ਰੁਚੀ ਵੀ ਆਪਣੇ ਵਿਰਸੇ ਤੋਂ ਹੀ ਮਿਲੀ ਸੀ। ਉਰਦੂ, ਅੰਗ੍ਰਜ਼ੀ ਅਤੇ ਪੰਜਾਬੀ ਅਦਬ ਦੀਆਂ ਅਜੋਕੀਆਂ ਤੇ ਕਲਾਸੀਕਲ ਰਚਨਾਵਾਂ ਦੇ ਅਧਿਐਨ ਨੇ ਉਸਦੀ ਸਮਝ ਅਤੇ ਸੂਝ ਨੂੰ ਗਹਿਰਾਈ ਪ੍ਰਦਾਨ ਕੀਤੀ ਅਤੇ ਇਸੇ ਨੇ ਹੀ ਉਸਨੂੰ ਲਿਖਣ ਲਈ ਉਤਸਾਹਿਤ ਕੀਤਾ। ਜ਼ਿੰਦਗੀ ਦੀ ਹਕੀਕਤ ਨੂੰ ਦਾਰਸ਼ਨਿਕ ਨੀਝ ਅਤੇ ਅਹਿਸਾਸ ਦੀ ਸ਼ਿੱਦਤ ਨਾਲ ਦੇਖਣ ਵਾਲੀ ਇਸ ਲੇਖਿਕਾ ਦਾ ਇਕ ਆਪਣਾ ਅਦਬੀ ਨਜ਼ਰੀਆ ਹੈ ਜੋ ਉਸਦੀਆਂ ਸਮੂਹ ਲਿਖਤਾਂ ਨੂੰ ਗਹਿਰਾਈ ਪ੍ਰਦਾਨ ਕਰਦਾ ਹੈ। ਉਸਦੀਆਂ ਨਜ਼ਰਾਂ ਸਾਮਾਜਿਕ ਵਰਤਾਰੇ ਦਾ ਬਾਰੀਕ-ਬੀਨੀ ਨਾਲ ਮੁਤਾਲਿਆ ਕਰਦੀਆਂ ਹੋਈਆਂ ਜ਼ਾਹਰ ਦੇ ਪਰਦੇ ਹੇਠਾਂ ਲੁਕੇ ਹੋਏ ਬਾਤਿਨ ਨੂੰ ਫਰੋਲਦੀਆ ਹਨ ਅਤੇ ਅਣਦਿਸਦੇ ਦੀ ਬਾਤ ਪਾਉਂਦੀਆਂ ਹਨ। ‘ਬਾਰਾਂ ਆਨਿਆਂ ਦੀ ਔਰਤ’ ਪੁਸਤਕ ਦੇ ਸ਼ੁਰੂ ਵਿਚ ‘ਦੋ ਹਰਫ਼’ ਸਿਰਲੇਖ ਹੇਠਾਂ ਦਿੱਤੀਆਂ ਸਤਰਾਂ ਲੇਖਿਕਾ ਦੇ ਇਸੇ ਕਿਸਮ ਦੇ ਜੀਵਨ-ਫਲਸਫੇ ਅਤੇ ਸਾਹਿਤਕ ਨਜ਼ਰੀਏ ਦੀ ਦੱਸ ਪਾਉਂਦੀਆਂ ਹਨ :

“*ਸ਼ੁਰੂ ਕਰਦੀ ਹਾਂ ਅੱਲਾਹ ਦੇ ਨਾਮ ਨਾਲ*
*ਜੋ ਨਿਰੀ ਮੁਹੱਬਤ ਹੈ, ਨਮੋ ਹੈ, ਹਯਾਤ ਹੈ ਅਤੇ ਕਿਨਾਰਾ ਹੈ।*

ਬੱਸ ਉਸਨੂੰ ਚਾਹ ਲਵੋ, ਬਾਕੀ ਸੱਭ ਖ਼ੈਰ ਹੈ। ਚਲੋ ਉਸਨੂੰ ਚਾਹ ਲਿਆ। ਉਸੇ ਨੂੰ ਚਾਹ ਲਿਆ। ਫਿਰ? ਫਿਰ ਸ਼ਰ (ਬੁਰਾਈ) ਵੀ ਤਾਂ ਇਸੇ ਖ਼ੈਰ (ਨੇਕੀ, ਚੰਗਿਆਈ) ਦਾ ਅੱਧ ਹੈ, ਉਸਨੂੰ ਵੀ ਚਾਹੋ। ਚਲੋ ਉਸਨੂੰ ਵੀ ਚਾਹ ਲਿਆ। ਬਾਕੀ ਫਿਰ ਕੀ ਰਹਿ ਗਿਆ। ਕੁਝ ਵੀ ਨਹੀਂ। ਨਹੀਂ, ਗੱਲ ਦਿਲ ਨੂੰ ਕੁਝ ਜਚੀ ਨਹੀਂ। ਖ਼ੈਰ ਤੇ ਸ਼ਰ ਦੇ ਦਰਮਿਆਨ ਜੋ ਅਣਕਿਹਾ ਹੈ, ਅਣਲਿਖਿਆ ਅਤੇ ਅਣਸੁਣਿਆ ਹੈ ਉਸਦੀ ਗੱਲ ਕਰੋ। ਉਹ ਸਫ਼ਰ ਜਿਹੜਾ ਸਾਰੇ ਰਸਤੇ ਬੰਦ ਹੋ ਜਾਣ ਤੋਂ ਬਾਅਦ ਸ਼ੁਰੂ ਹੁੰਦਾ ਹੈ, ਉਸਦੀ ਗੱਲ। ਉਹ ਗੱਲ ਜਿਹੜੀ ਅੱਖੀਂ ਵੇਖੀ ਤੇ ਕੰਨੀਂ ਸੁਣੀ ਨਹੀਂ ਹੁੰਦੀ, ਪਰ ਹੁੰਦੀ ਜ਼ਰੂਰ ਹੈ। ਬਲਕਿ ਅਹਿਮੀਅਤ ਵਾਲੀ ਹੁੰਦੀ ਹੀ ਉਹ ਹੈ। . . . ਤਨ ਦੀ ਮਿੱਟੀ ਤੇ ਮਨ ਦੇ ਪਾਣੀਆਂ ਦੀਆਂ ਗੱਲਾਂ, ਨੇਕੀ ਤੇ ਬਦੀ ਦੇ ਵਿਚਕਾਰ ਰਹਿ ਜਾਣ ਵਾਲੀਆਂ ਅਣਕਹੀਆਂ ਅਤੇ ਅਣਲਿਖੀਆਂ ਗੱਲਾਂ। . . . ਅਤੇ ਕਹਾਣੀ ਸੁਣਾਉਣ ਵਾਲਾ ਕਹਾਣੀ ਸੁਣਾਉਂਦਾ ਰਹੇਗਾ, ਮੁੱਢ ਕਦੀਮ ਤੋਂ ਅਣ-ਬਿਆਨੇ ਦੁੱਖ ਅਤੇ ਉਦਾਸੀ ਦੀਆਂ ਗੱਲਾਂ। ਕੱਚੀ ਮਿੱਟੀ ’ਤੇ ਉੱਡਣ ਵਾਲੀ ਗਰਦ ਤੇ ਵਾਵਰੋਲਿਆਂ ਦੀਆਂ ਗੱਲਾਂ। ਝੁਲਸਦੀ ਰੇਤ ਅਤੇ ਪਿਆਸੇ ਹੋਠਾਂ ਦੀਆਂ ਗੱਲਾਂ। ਬੇਸ਼ਨਾਖ਼ਤ ਹੰਝੂਆਂ ਦੀਆਂ ਗੱਲਾਂ, ਜਿਹੜੀਆਂ ਹਮੇਸ਼ਾਂ ਏਸੇ ਤਰ੍ਹਾਂ ਸ਼ੁਰੂ ਹੁੰਦੀਆਂ ਹਨ।” (ਦੋ ਹਰਫ਼, ਪੰਨਾ-9-10)

ਲੇਖਿਕਾ ਦਾ ਇਹ ਸਵੈ-ਕਥਨ ਇਸ ਕਹਾਣੀ-ਸੰਗ੍ਰਹਿ ਦੇ ਵਿਸ਼ੈਗਤ ਸਰੋਕਾਰਾਂ ਦੀ ਝਲਕ ਦਿਖਾਉਂਦਾ ਹੈ ਅਤੇ ਉਸਦੇ ਰਚਨਾ-ਸੰਸਾਰ ਵਿਚ ਦਾਖ਼ਲ ਹੋਣ ਦਾ ਰਾਹ ਖੋਲ੍ਹਦਾ ਹੈ। ਭਾਵੇਂ ਕਿਸੇ ਵੀ ਲੇਖਕ ਦੇ ਆਪਣੀ ਰਚਨਾ ਬਾਰੇ ਕੀਤੇ ਗਏ ਸਵੈ-ਕਥਨ ਨੂੰ ਉਸਦੀ ਸਾਹਿਤਕ ਯੋਗਤਾ ਦਾ ਪ੍ਰਮਾਣ ਨਹੀਂ ਮੰਨਿਆਂ ਜਾ ਸਕਦਾ। ਤਾਂ ਵੀ ਇਹ ਉਸਦੀਆਂ ਅਦਬ ਸੰਬੰਧੀ ਮਾਨਤਾਵਾਂ ਅਤੇ ਉਸਦੇ ਸੁਚੇਤ ਰਚਨਾ-ਉਦੇਸ਼ਾਂ ਬਾਰੇ ਦੱਸ ਪਾਉਂਦਾ ਹੈ ਜਿਨ੍ਹਾਂ ਦੀ ਪਰਖ-ਪੜਤਾਲ ਉਸਦੀਆਂ ਰਚਨਾਵਾਂ ਦੇ ਹਵਾਲੇ ਨਾਲ ਹੀ ਹੋ ਸਕਦੀ ਹੈ। ਇਸ ਕਹਾਣੀ-ਸੰਗ੍ਰਹਿ ਵਿਚ ਬੁਸ਼ਰਾ ਏਜਾਜ਼ ਦੀਆਂ ਇੱਕੀ ਕਹਾਣੀਆਂ - ਫ਼ਿਅਰੀ ਲੈਂਡ, ਦਿਲ ਅਤੇ ਦਾਇਰਾ, ਛੋਟੀ ਮਾਂ, ਅਬਾਬੀਲ, ਗੁਲਾਬੀ ਕਾਗ਼ਜ਼, ਗੁਨਾਹ,

ਰਹਿਮੋ ਰਿਆਨ ਵਾਲੀ, ਸੱਪ ਅਤੇ ਸਾਇਆ, ਛੋਟੀ ਮਸਜਿਦ ਦਾ ਸ਼ੈਤਾਨ, ਸਵੇਰ, ਬਾਰਾਂ ਆਨਿਆਂ ਦੀ ਔਰਤ, ਹਾਜੀ ਸੁਲਤਾਨ ਅਹਿਮਦ ਦੀ ਲਾਡਲੀ ਆਦਿ - ਸ਼ਾਮਿਲ ਹਨ। ਇਹ ਕਹਾਣੀਆਂ ਵਿਚਾਰਧਾਰਾ ਅਤੇ ਤਕਨੀਕ , ਦੋਹਾਂ ਪੱਖਾਂ ਤੋਂ ਮਹੱਤਵਪੂਰਣ ਹਨ।

ਇਨ੍ਹਾਂ ਕਹਾਣੀਆਂ ਬਾਰੇ ਵਿਸਤਾਰ ਨਾਲ ਚਰਚਾ ਕਰਨ ਤੋਂ ਪਹਿਲਾਂ ਸਹਿਵਨ ਹੀ ਸਾਡਾ ਧਿਆਨ ਇਸਦੀ ਭੂਮਿਕਾ ਵਲ ਜਾਂਦਾ ਹੈ। ਪੁਸਤਕ ਦੀ ਅਨੁਵਾਦਕਾ ਡਾ. ਕੁਲਜੀਤ ਕਪੂਰ ਨੇ ਇਸਦੀ ਭੂਮਿਕਾ ਵਿਚ ਇਨ੍ਹਾਂ ਕਹਾਣੀਆਂ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਆਖਿਆ ਹੈ - “ਬੁਸ਼ਰਾ ਏਜਾਜ਼ ਇਕ ਬੇਹੱਦ ਜ਼ਹੀਨ ਅਤੇ ਸੰਵੇਦਨਸ਼ੀਲ ਲੇਖਿਕਾ ਹੈ। ਇਨ੍ਹਾਂ ਕਹਾਣੀਆਂ ਵਿਚ ਉਸ ਨੇ ਮਨੁੱਖੀ ਮਨ ਦੀਆਂ ਪਰਤਾਂ ਨੂੰ ਜਿਸ ਬਾਰੀਕੀ ਨਾਲ ਪੜ੍ਹਿਆ, ਖੋਲ੍ਹਿਆ ਅਤੇ ਬਿਆਨ ਕੀਤਾ ਹੈ, ਉਹ ਆਪਣੀ ਮਿਸਾਲ ਆਪ ਹੈ। ਲੇਖਿਕਾ ਨੇ ਮਨੁੱਖੀ ਜੀਵਨ, ਸਮਾਜ ਦੀਆਂ ਬਹੁਪੱਖੀ ਪਰਤਾਂ ਅਤੇ ਕੁਦਰਤ ਦੇ ਰਹੱਸਮਈ ਵਰਤਾਰੇ ਦਾ ਜ਼ਿਕਰ ਕੀਤਾ ਹੈ। ਇਨ੍ਹਾਂ ਪਿੱਛੇ ਕਾਰਜਸ਼ੀਲ ਦਾਰਸ਼ਨਿਕ ਰਮਜ਼ਾਂ ਨੂੰ ਛੁਹਿਆ ਹੈ ਅਤੇ ਜ਼ਿੰਦਗੀ ਦੇ ਸੱਚ ਨੂੰ ਸਮਝਣ ਦਾ ਬੜਾ ਅਹਿਮ ਅਤੇ ਵਿਲੱਖਣ ਜਤਨ ਕੀਤਾ ਹੈ। . . . ਬੁਸ਼ਰਾ ਏਜਾਜ਼ ਨੇ ਆਪਣੀਆਂ ਕਹਾਣੀਆਂ ਵਿਚ ਨਾਰੀ ਮਨ ਦੀਆਂ ਵਿਭਿੰਨ ਪਰਤਾਂ ਅਤੇ ਉਸਦੇ ਵਜੂਦ ਨਾਲ ਵਾਬਸਤਾ ਸਾਮਾਜਿਕ ਸਮੱਸਿਆਵਾਂ ਨੂੰ ਬਿਆਨ ਕੀਤਾ ਹੈ। . . . ਉਸਦੀ ਨਾਰੀ ਚੇਤਨਾ ਦੀ ਖ਼ੂਬੀ ਬੇਬਾਕੀ ਵਿਚ ਨਹੀਂ ਬਲਕਿ ਸੰਜਮ ਵਿਚ ਹੈ। ਇਹ ਬੁਸ਼ਰਾ ਏਜਾਜ਼ ਦੀ ਰਚਨਾ ਅਤੇ ਸ਼ਖ਼ਸੀਅਤ ਦਾ ਅਜਿਹਾ ਅਹਿਮ ਅਤੇ ਉੱਚਤਮ ਪਹਿਲੂ ਹੈ ਜੋ ਛੋਟੇ ਦਾਇਰਿਆਂ ਵਿਚ ਵਿਚਰਨ ਵਾਲੇ ਲੋਕਾਂ ਲਈ ਪ੍ਰੇਰਨਾ ਸਰੋਤ ਬਣ ਸਕਦਾ ਹੈ।” (ਪੰਨਾ,11-12) ਡਾ. ਕੁਲਜੀਤ ਕਪੂਰ ਦੀਆਂ ਇਹ ਆਲੋਚਨਾਤਮਕ ਟਿਪਣੀਆਂ ਬੁਸ਼ਰਾ ਏਜਾਜ਼ ਦੇ ਕਥਾ-ਜਗਤ ਦੀਆਂ ਮੁੱਢਲੀਆਂ ਵਿਸ਼ੇਸ਼ਤਾਵਾਂ ਦੀ ਨਿਸ਼ਾਨਦੇਹੀ ਕਰਦੀਆਂ ਹਨ ਅਤੇ ਉਸਦੇ ਅਧਿਐਨ ਲਈ ਮਹੱਤਵਪੂਰਣ ਅੰਤਰਦ੍ਰਿਸ਼ਟੀਆਂ ਪ੍ਰਦਾਨ ਕਰਦੀਆਂ ਹਨ।

ਇਨ੍ਹਾਂ ਕਹਾਣੀਆਂ ਦੇ ਗਲਪ-ਸੰਸਾਰ ਵਿਚੋਂ ਗ਼ੁਜ਼ਰਦਿਆਂ ਇਸਦੀ ਸਿਰਜਣਾਤਮਕ ਵਿਲੱਖਣਤਾ ਅਤੇ ਵਿਸ਼ੈਗਤ ਵੰਨ-ਸੁਵੰਨਤਾ ਦਾ ਤਿੱਖਾ ਅਹਿਸਾਸ ਜਾਗਦਾ ਹੈ। ਇਨ੍ਹਾਂ ਵਿਚ ਮੂਲ ਮਾਨਵੀ ਰਿਸ਼ਤਿਆਂ ਦਾ ਦਮਨ ਕਰਨ ਵਾਲੀਆਂ ਰੀਤਾਂ ਅਤੇ ਰਵਾਇਤਾਂ ਦਾ ਬਿਰਤਾਂਤ ਵੀ ਸਿਰਜਿਆ ਗਿਆ ਹੈ ਅਤੇ ਮੁਹੱਬਤ ਦੀ ਲੁਕਵੀਂ ਸਿਆਸਤ ਨੂੰ ਵੀ ਉਘਾੜਿਆ ਗਿਆ ਹੈ। ਇਸਦਾ ਬਿਰਤਾਂਤਕ ਪ੍ਰਵਚਨ ਜੇ ਇਕ ਪਾਸੇ ਮਜ਼੍ਹਬ ਦੀ ਜ਼ਾਹਰਦਾਰੀ ਦੇ ਅੰਤਰ-ਵਿਰੋਧਾਂ ਨੂੰ ਜ਼ੁਬਾਨ ਦਿੰਦਾ ਹੈ ਤਾਂ ਦੂਸਰੇ ਪਾਸੇ ਦਰਵੇਸ਼ੀ ਦੀਆਂ ਰਮਜ਼ਾਂ ਨੂੰ ਵੀ ਪ੍ਰਗਟਾਉਂਦਾ ਹੈ। ਇਨ੍ਹਾਂ ਕਹਾਣੀਆਂ ਦੀ ਮੁੱਢਲੀ ਵਿਸ਼ੇਸ਼ਤਾ ਇਹ ਹੈ ਕਿ ਇਹ ਪਰੰਪਰਾ ਤੇ ਆਧੁਨਿਕਤਾ ਦੇ ਤਣਾਉ ਨੂੰ ਭੋਗਣ ਵਾਲੇ ਪੰਜਾਬੀ ਬੰਦੇ ਦੀ ਸਥਿਤੀ ਤੇ ਮਾਨਸਿਕਤਾ ਨੂੰ ਫਰੋਲਣ ਵਲ ਰੁਚਿਤ ਹਨ। ਇਨ੍ਹਾਂ ਵਿਚ ਮੁਆਸ਼ਰੇ ਦੀਆਂ ਬੇ-ਤਰਤੀਬੀਆਂ ਅਤੇ ਪੀਚੀਦਗੀਆਂ ਦੀ ਅਕਾਸੀ ਵੀ ਨਜ਼ਰ ਆਉਂਦੀ ਹੈ ਅਤੇ ਯਥਾਰਥ ਦੀ ਵਾਸਤਵਿਕਤਾ ਨਾਲ ਟਕਰਾ ਕੇ ਚੂਰ ਹੋਣ ਵਾਲੇ ਰੋਮਾਨੀ ਸੁਪਨਿਆਂ ਦੇ ਭੰਗ ਹੋਣ ਦੀ ਸਥਿਤੀ ਵੀ ਮੂਰਤੀਮਾਨ ਹੁੰਦੀ ਹੈ। ਇਨ੍ਹਾਂ ਦੇ ਵਿਸ਼ੈਗਤ ਸਰੋਕਾਰ ਇਨਸਾਨੀ ਵਜੂਦ ਦੇ ਬੁਨਿਆਦੀ ਮਸਲਿਆਂ ਨਾਲ ਜੁੜੇ ਹੋਏ ਹਨ। ਇਹ ਦਿਸਦੇ ਜੀਵਨ ਦੀ ਅਣਦਿਸਦੀ ਹਕੀਕਤ ਦੀਆਂ ਪਰਤਾਂ ਫਰੋਲਦੀਆਂ ਹਨ ਅਤੇ ਪੜ੍ਹਨ ਵਾਲੇ ਨੂੰ ਉਸੇ ਕਿਸਮ ਦੇ ਅਣਕਹੇ ਸੱਚ ਦੀ ਸੋਝੀ ਕਰਾਉਂਦੀਆਂ ਹਨ ਜਿਸਦਾ ਹਵਾਲਾ ਲੇਖਿਕਾ ਦੇ ਸਵੈ-ਕਥਨ ਵਿਚ ਮਿਲਦਾ ਹੈ। ਇਸ ਮੰਤਵ ਲਈ ਲੇਖਿਕਾ ਨੇ ਵਧੇਰੇ ਔਰਤ-ਮਰਦ ਰਿਸ਼ਤਿਆਂ ਦੀ ਬਦਲ ਰਹੀ ਨੁਹਾਰ ਨੂੰ ਨਜ਼ਰ ਦੇ ਜ਼ਾਵੀਏ ਵਿਚ ਰੱਖਿਆ ਹੈ। ਅਸਲ ਵਿਚ ਇਹ ਨਾਰੀ ਚੇਤਨਾ ਉਸ ਦੇ ਸਮੁੱਚੇ

ਕਥਾ-ਸੰਸਾਰ ਦਾ ਮੀਰੀ ਗੁਣ ਬਣ ਕੇ ਉਜਾਗਰ ਹੁੰਦਾ ਹੈ। ਮੁਆਸ਼ਰੇ ਦੀ ਕਹੀ ਅਣਕਹੀ ਦਾਸਤਾਨ ਬਿਆਨ ਕਰਨ ਲਈ ਉਹ ਇਸੇ ਝਰੋਖੇ ਨੂੰ ਇਸਤੇਮਾਲ ਕਰਦੀ ਹੈ। ਇਸੇ ਲਈ ਅਸੀਂ ਇਸ ਸੰਗ੍ਰਹਿ ਦੀਆਂ ਕਹਾਣੀਆਂ ਵਿਚ ਪੇਸ਼ ਹੋਏ ਨਾਰੀ ਬਿੰਬ ਦਾ ਵਿਸ਼ਲੇਸ਼ਣ ਕਰਨ ਨੂੰ ਹੀ ਆਪਣਾ ਮੁਖ ਸਰੋਕਾਰ ਬਣਾਇਆ ਹੈ।

ਖ਼ੁਦ ਔਰਤ ਹੋਣ ਸਦਕਾ ਬੁਸ਼ਰਾ ਏਜਾਜ਼ ਆਪਣੀਆਂ ਕਹਾਣੀਆਂ ਵਿਚ ਔਰਤ ਦੀ ਸਥਿਤੀ ਤੇ ਮਾਨਸਿਕਤਾ ਦੇ ਵਿਸ਼ਲੇਸ਼ਣ ਨੂੰ ਆਪਣੇ ਬਿਰਤਾਂਤਕ ਪ੍ਰਵਚਨ ਦਾ ਕੇਂਦਰੀ ਸਰੋਕਾਰ ਬਣਾਉਂਦੀ ਹੈ। ਇਸ ਪੱਖੋਂ ਉਸਦਾ ਸਿਰਜਿਤ ਸੰਸਾਰ ਅਨੁਭਵ ਅਤੇ ਮੁਸ਼ਾਹਦੇ ਦੀ ਪ੍ਰਾਮਾਣਿਕਤਾ ਦਾ ਲਖਾਇਕ ਹੋ ਨਿਬੜਦਾ ਹੈ। ਉਹ ਸਮਕਾਲੀ ਵਿਵਸਥਾ ਅਤੇ ਅਜੋਕੇ ਸਾਮਾਜਿਕ ਵਰਤਾਰੇ ਵਿਚ ਵਿਚਰਦੀ ਔਰਤ ਦੀ ਵੰਨ-ਸੁਵੰਨੀ ਤਸਵੀਰ ਪੇਸ਼ ਕਰਦੀ ਹੈ। ਪਰ ਉਸਦੇ ਰਚਨਾ-ਸੰਸਾਰ ਵਿਚਲੀ ਔਰਤ ਕਿਸੇ ਇਕ ਤਬਕੇ ਜਾਂ ਜਮਾਤ ਦੀ ਤਰਜਮਾਨੀ ਨਹੀਂ ਕਰਦੀ। ਇਸ ਵਿਚ ਉਸਦੇ ਆਪਣੇ ਅਰਥਾਤ ਰੱਜੇ-ਪੁੱਜੇ ਅਮੀਰ ਤਬਕੇ ਦੀ ਔਰਤ ਵੀ ਪੇਸ਼ ਹੋਈ ਹੈ ਅਤੇ ਆਰਥਿਕ ਪੱਖੋਂ ਦੱਬੇ ਕੁਚਲੇ ਜਾਂ ਦਮਿਤ (repressed) ਤਬਕਿਆਂ ਨਾਲ ਸੰਬੰਧਿਤ ਔਰਤ ਨੂੰ ਵੀ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਕਹਾਣੀਆਂ ਵਿਚ ਨਾਰੀ ਹੋਂਦ ਦੇ ਵਿਭਿੰਨ ਪੱਖਾਂ ਤੇ ਪਹਿਲੂਆਂ ਨੂੰ ਬਾਰੀਕਬੀਨੀ ਅਤੇ ਸੂਖਮਤਾ ਨਾਲ ਚਿਤਰਦਿਆਂ ਉਸਦਾ ਸੰਵੇਦਨਸ਼ੀਲ ਬਿੰਬ ਉਸਾਰਿਆ ਗਿਆ ਹੈ। ਉਹ ਆਪਣੀ ਦਾਸਤਾਨਗੋਈ ਰਾਹੀਂ ਇਕ ਅਜਿਹੇ ਨਾਰੀ ਸਬਜੈਕਟ ਦੀ ਰਚਨਾ ਕਰਦੀ ਹੈ ਜਿਸਨੂੰ ਕੁਦਰਤ ਨੇ ਨਹੀਂ ਸਗੋਂ ਅਜੋਕੇ ਮੁਆਸ਼ਰੇ ਨੇ ਸਿਰਜਿਆ ਹੈ।

ਬੁਸ਼ਰਾ ਏਜਾਜ਼ ਦੇ ਰਚਨਾ-ਸੰਸਾਰ ਵਿਚ ਪੇਸ਼ ਹੋਏ ਇਸ ਨਾਰੀ ਬਿੰਬ ਦੀ ਵੇਰਵੇ ਨਾਲ ਚਰਚਾ ਕਰਨ ਤੋਂ ਪਹਿਲਾਂ ਗਿਆਨ-ਸ਼ਾਸਤਰ ਦੇ ਉਸ ਨਵੇਂ ਸੰਦਰਭ ਵਲ ਸੰਕੇਤ ਕਰਨਾ ਜ਼ਰੂਰੀ ਜਾਪਦਾ ਹੈ ਜਿਸਦੀ ਉਸਾਰੀ ਵਿਚ ਉੱਤਰ-ਸੰਰਚਨਾਵਾਦ, ਨਵ-ਮਾਰਕਸਵਾਦ ਅਤੇ ਨਾਰੀਵਾਦ ਵਰਗੀਆਂ ਚਿੰਤਨ ਲਹਿਰਾਂ ਨੇ ਵਿਸ਼ੇਸ਼ ਯੋਗਦਾਨ ਦਿੱਤਾ ਹੈ। ਇਸ ਨਵੇਂ ਗਿਆਨ-ਸ਼ਾਸਤਰ ਨੇ ਭਾਸ਼ਾ, ਸਾਹਿਤ, ਸਭਿਆਚਾਰ, ਮਾਨਵ-ਵਿਅਕਤੀ, ਸੱਚ ਅਤੇ ਯਥਾਰਥ ਬਾਰੇ ਨਵੀਂ ਸਮਝ ਅਤੇ ਸੂਝ ਪੈਦਾ ਕਰਨ ਦਾ ਉਪਰਾਲਾ ਕੀਤਾ ਹੈ। ਇਸ ਨੇ ਇਨ੍ਹਾਂ ਸਮੂਹ ਵਰਤਾਰਿਆਂ ਨੂੰ ਰਚਨਾ (construction) ਦੇ ਰੂਪ ਵਿਚ ਦੇਖਣ ਦੀ ਕ੍ਰਾਂਤੀਕਾਰੀ ਧਾਰਣਾ ਪੇਸ਼ ਕੀਤੀ ਹੈ। ਇਸ ਧਾਰਣਾ ਅਨੁਸਾਰ ਮਾਨਵ-ਵਿਅਕਤੀ ਦਾ ਕੋਈ ਘੜਿਆ ਘੜਾਇਆ, ਸਥਿਰ ਜਾਂ ਸਦੀਵੀ ਤੱਤ ਨਹੀਂ। ਕੁਦਰਤ ਨੇ ਸਮੁੱਚੀ ਕਾਇਨਾਤ ਅਤੇ ਇਸਦੀਆਂ ਸਾਰੀਆਂ ਸ਼ੈਆਂ ਵਾਂਗ ਮਨੁੱਖ ਨੂੰ ਇਕ ਪ੍ਰਾਣਧਾਰੀ ਜੀਵ ਦੇ ਰੂਪ ਵਿਚ ਸਾਜਿਆ ਹੈ ਪਰ ਉਸਦੇ ਇਨਸਾਨੀ ਵਜੂਦ ਨੂੰ ਸਮਾਜ ਅਤੇ ਸਭਿਆਚਾਰ ਨੇ ਘੜਿਆ ਹੈ। ਔਰਤ ਅਤੇ ਮਰਦ ਉਸਨੂੰ ਮੁਆਸ਼ਰੇ ਨੇ ਬਣਾਇਆ ਹੈ। ਇਸ ਤਰ੍ਹਾਂ ਦੇਹ-ਰਚਨਾ ਦੀ ਪੱਧਰ ਉੱਤੇ ਇਨਸਾਨ ਦਾ ਵਜੂਦ ਨਰ ਅਤੇ ਮਾਦਾ ਦੇ ਰੂਪ ਵਿਚ ਮੁਕੰਮਲ ਹੁੰਦਾ ਹੈ। ਇਹ ਇਨਸਾਨੀ ਵਜੂਦ ਦਾ ਜੀਵ-ਵਿਗਿਆਨਕ (biological) ਪੱਖ ਹੈ। ਪਰ ਇਨਸਾਨ ਦੀ ਫ਼ਿਤਰਤ ਇਹ ਹੈ ਕਿ ਉਹ ਸਿਰਫ਼ ਜੀਵ-ਵਿਗਿਆਨਕ ਪੱਧਰ ਉੱਤੇ ਨਹੀਂ ਵਿਚਰਦਾ ਸਗੋਂ ਉਸਦਾ ਵਜੂਦ ਸਮਾਜ ਅਤੇ ਸਭਿਆਚਾਰ ਰਾਹੀਂ ਹੋਂਦ ਗ੍ਰਹਿਣ ਕਰਦਾ ਹੈ। ਇਸ ਘਾੜਤ ਵਿਚ ਸੱਭ ਤੋਂ ਵੱਡਾ ਰੋਲ ਭਾਸ਼ਾ ਦਾ ਮੰਨਿਆਂ ਗਿਆ ਹੈ। ਮਨੁੱਖ ਦੀ ਭਾਸ਼ਾ ਪ੍ਰਵਚਨਾਂ ਦਾ ਰੂਪ ਧਾਰ ਕੇ ਨਿਰੰਤਰ ਉਸਦੀ ਸਿਰਜਣਾ ਤੇ ਪੁਨਰ-ਸਿਰਜਣਾ ਕਰਦੀ ਰਹਿੰਦੀ ਹੈ।

ਸਮਾਜ-ਸਭਿਆਚਾਰ ਵਿਚ ਪ੍ਰਵੇਸ਼ ਕਰ ਕੇ ਮਨੁੱਖ ਕਦਰਾਂ-ਕੀਮਤਾਂ ਅਤੇ ਰਿਸ਼ਤੇ-ਨਾਤਿਆਂ ਦੇ ਨੈੱਟਵਰਕ ਦਾ ਅੰਗ ਬਣ ਜਾਂਦਾ ਹੈ। ਉਹ ਨਿਰੋਲ ਨਰ ਅਤੇ ਮਾਦਾ ਦੀ ਥਾਵੇਂ ਔਰਤ ਅਤੇ ਮਰਦ ਦੇ ਰੂਪ ਵਿਚ ਨਵੀਂ ਪਛਾਣ

ਹਾਸਿਲ ਕਰਦਾ ਹੈ ਜਿਸਨੂੰ ਉਸਾਰਨ ਵਿਚ ਸਥਾਪਿਤ ਵਿਵਸਥਾ, ਵਿਚਾਰਧਾਰਾ ਜਾਂ ਫੂਕੋ Foucault ਦੇ ਕਹਿਣ ਵਾਂਗ ਸੱਤਾ (power) ਦੇ ਪ੍ਰਵਚਨ ਦਾ ਬਹੁਤ ਵੱਡਾ ਰੋਲ ਹੁੰਦਾ ਹੈ। ਇਸ ਤਰ੍ਹਾਂ ਸਾਹਿਤ ਦੀ ਰਚਨਾ ਕਰਨ ਵਾਲਾ ਸਾਹਿਤਕਾਰ ਜਾਂ ਲੇਖਕ ਵੀ ਖ਼ੁਦ ਇਨ੍ਹਾਂ ਪ੍ਰਵਚਨਾਂ ਦੇ ਮਾਧਿਅਮ ਰਾਹੀ ਰਚਿਆ ਗਿਆ ਹੁੰਦਾ ਹੈ। ਉਹ ਸੁਚੇਤ ਜਾਂ ਅਚੇਤ ਤੌਰ ਤੇ ਆਪਣੀ ਸਿਰਜਣਾ ਰਾਹੀਂ ਇਸ ਪ੍ਰਵਚਨ ਉਸਾਰੀ ਦੇ ਅਮਲ ਦਾ ਅੰਗ ਬਣਦਾ ਹੈ ਅਤੇ ਮੁਆਸ਼ਰੇ ਰਾਹੀਂ ਸਿਰਜੇ ਗਏ ਇਨਸਾਨ ਦੇ ਬਿੰਬ (ਅਕਸ) ਨਾਲ ਹਮਕਲਾਮ ਹੁੰਦਾ ਹੈ। ਕਿਧਰੇ ਉਹ ਪ੍ਰਚੱਲਤ ਬਿੰਬ ਨੂੰ ਦੁਹਰਾਉਂਦਾ ਹੈ ਅਤੇ ਕਿਧਰੇ ਨਵੀਂ ਚੇਤਨਾ ਰਾਹੀਂ ਉਸ ਨੂੰ ਭੰਨ ਤੋੜ ਕੇ ਉਸਦਾ ਨਵਾਂ ਰੂਪ ਤੇ ਆਕਾਰ ਘੜਦਾ ਹੈ। ਸਾਡੇ ਸਾਮ੍ਹਣੇ ਮਸਲਾ ਇਹ ਹੈ ਕਿ ਬੁਸ਼ਰਾ ਏਜਾਜ਼ ਦੇ ਰਚਨਾ-ਸੰਸਾਰ ਵਿਚ ਪੇਸ਼ ਹੋਈ ਔਰਤ ਦੀ ਸਵੈ-ਪਛਾਣ ਕਿਵੇਂ ਨਿਰਧਾਰਿਤ ਹੁੰਦੀ ਹੈ ਅਤੇ ਉਸਦਾ ਆਪਣੇ ਮੁਆਸ਼ਰੇ ਤੇ ਨਜ਼ਾਮ ਨਾਲ ਕੀ ਰਿਸ਼ਤਾ ਹੈ।

ਇਸ ਮੰਤਵ ਲਈ ਅਸੀਂ ਉਸਦੀਆਂ ਕੁਝ ਚੋਣਵੀਆਂ ਰਚਨਾਵਾਂ ਦਾ ਅਧਿਐਨ ਤੇ ਵਿਸ਼ਲੇਸ਼ਣ ਕਰਨਾ ਉਚਿਤ ਸਮਝਦੇ ਹਾਂ। ਇਸ ਸੰਗ੍ਰਹਿ ਦੀ ਪਹਿਲੀ ਕਹਾਣੀ 'ਫ਼ਿਅਰੀ ਲੈਂਡ' ਹੈ। ਇਹ ਕਹਾਣੀ ਦੋ ਵੱਖੋ-ਵੱਖਰੇ ਤਬਕਿਆਂ ਨਾਲ ਸੰਬੰਧਿਤ ਨਾਰੀ ਪਾਤਰਾਂ - ਜ਼ੁਹਰਾ ਅਲੀ ਅਤੇ ਫ਼ੌਜ਼ੀਆ ਅਹਿਮਦ - ਦੁਆਲੇ ਘੁੰਮਦੀ ਹੈ। ਇਹ ਦੋਵੇਂ ਲੜਕੀਆਂ ਲਾਹੌਰ ਦੇ ਇਕ ਪੌਸ਼ ਇਲਾਕੇ, ਮਾੱਡਲ ਟਾਊਨ, ਦੀ 'ਇਕ ਵੱਡੀ ਤੇ ਬੇ-ਰੌਣਕ ਕੋਠੀ ਦੀ ਉੱਪਰਲੀ ਮੰਜ਼ਿਲ ਦੇ ਇਕ ਖ਼ਸਤਾ ਹਾਲਤ ਕਮਰੇ ਵਿਚ' ਪੇਇੰਗ ਗੈਸਟ ਦੀ ਹੈਸੀਅਤ ਵਿਚ ਰਹਿ ਰਹੀਆਂ ਹਨ। ਭਾਵੇਂ ਇਨ੍ਹਾਂ ਦੋਹਾਂ ਪਾਤਰਾਂ ਦੀ ਸਥਿਤੀ ਅਤੇ ਮਾਨਸਿਕਤਾ ਵੱਖੋ-ਵੱਖਰੀ ਹੈ ਪਰ ਇਨ੍ਹਾਂ ਦੋਹਾਂ ਨੂੰ ਜੋੜਨ ਵਾਲੀ ਸਾਂਝੀ ਕੜੀ ਇਨ੍ਹਾਂ ਦੀ ਨਾਰੀ ਹੋਂਦ ਹੈ ਜਿਸਨੂੰ ਉਸਾਰਨ ਵਿਚ ਚੇਤ-ਅਚੇਤੀ ਪਰੰਪਰਾ ਅਤੇ ਆਧੁਨਿਕਤਾ ਨੇ ਸਰਗਰਮ ਰੋਲ ਨਿਭਾਇਆ ਹੈ। ਇਸ ਕਹਾਣੀ ਦੀ ਖ਼ੂਬਸੂਰਤੀ ਇਹ ਹੈ ਕਿ ਇਹ ਮੁਆਸ਼ਰੇ ਦੇ ਦੋ ਵੱਖੋ-ਵੱਖਰੇ ਤਬਕਿਆਂ ਨਾਲ ਸੰਬੰਧਿਤ ਕਿਰਦਾਰਾਂ ਦਾ ਸਮਾਨੰਤਰ ਬਿਰਤਾਂਤ ਉਸਾਰਦੀ ਹੈ। ਇਨ੍ਹਾਂ ਦੋਹਾਂ ਕਿਰਦਾਰਾਂ ਦੀ ਸਥਿਤੀ ਹੀ ਵੱਖਰੀ ਨਹੀਂ ਸਗੋਂ ਇਨ੍ਹਾਂ ਦੇ ਸੁਪਨੇ ਅਤੇ ਉਮੰਗਾਂ ਵੀ ਵੱਖੋ-ਵੱਖਰੀਆਂ ਹਨ। ਜ਼ੁਹਰਾ ਅਲੀ ਪੇਂਡੂ ਪਿਛੋਕੜ ਵਾਲੀ, ਦਰਮਿਆਨੇ ਤਬਕੇ ਦੀ ਇਕ ਜ਼ਹੀਨ ਲੜਕੀ ਹੈ। ਸਾਧਾਰਣ ਨੈਣ-ਨਕਸ਼ਾਂ ਵਾਲੀ ਇਸ ਕੁੜੀ ਦੇ ਮਨ ਵਿਚ ਪਿੰਡ ਦੀ ਸਾਦ-ਮੁਰਾਦੀ ਪਰ ਮਨਮੋਹਕ ਰਹਿਤਲ ਦਾ 'ਫ਼ਿਅਰੀ ਲੈਂਡ' ਵਰਗਾ ਸਵਰਗੀ ਸੁਪਨਾ ਵਸਿਆ ਹੋਇਆ ਹੈ ਜੋ ਉਸਨੂੰ ਘੜੀ ਮੁੜੀ ਉਦਰੇਵੇਂ ਨਾਲ ਭਰ ਦਿੰਦਾ ਹੈ। ਪਰ ਉਸਨੂੰ ਆਪਣੀ ਪੇਂਡੂ ਅਨਪੜ੍ਹ ਮਾਂ ਦੇ ਬੋਲ ਰਹਿ ਰਹਿ ਕੇ ਚੇਤੇ ਆਉਂਦੇ ਹਨ - ' . . . ਬੇਟਾ ਤੇਰਾ ਭਰਾ ਨਹੀਂ ਹੈ। ਤੂੰ ਸਾਡੀਆਂ ਹਸਰਤਾਂ ਨੂੰ ਪੂਰਾ ਕਰਨਾ ਹੈ, ਪੜ੍ਹੋ, ਖ਼ੂਬ ਪੜ੍ਹੋ!' ਮਾਪਿਆਂ ਦੀ ਇਕਲੌਤੀ ਸੰਤਾਨ ਹੋਣ ਸਦਕਾ, ਅਤੇ ਉਨ੍ਹਾਂ ਦੇ ਸੁਪਨਿਆਂ ਦੀ ਪੂਰਤੀ ਲਈ, ਉਹ ਇਲਮ ਨੂੰ ਰੋਜ਼ਗਾਰ ਦਾ ਵਸੀਲਾ ਬਣਾਉਣ ਲਈ ਮਜਬੂਰ ਹੈ। ਉਹ ਇਕ ਰਿਸਰਚ ਸਕਾਲਰ ਹੈ ਜਿਹੜੀ 'ਫਲਸਫਾ-ਏ-ਹਯਾਤ (ਜੀਵਨ ਫਲਸਫੇ) ਵਿਚ ਆਧੁਨਿਕ ਰਿਸਰਚ' ਵਿਸ਼ੇ ਉੱਪਰ ਖੋਜ ਦਾ ਕਾਰਜ ਕਰ ਰਹੀ ਹੈ। ਵਿਡੰਬਨਾ ਇਹ ਹੈ ਕਿ ਜਿਸ ਫਲਸਫਾ-ਏ-ਹਯਾਤ ਦਾ ਸਬਕ ਉਸਨੇ ਆਪਣੇ ਬਚਪਨ ਵਿਚ ਮੌਲਵੀ ਪਾਸੋਂ ਅਲਿਫ਼-ਬੇ ਦਾ ਪਾਠ ਪੜ੍ਹਦਿਆਂ ਸਿਖਿਆ ਸੀ ਉਹ ਉਸਨੂੰ ਹੁਣਵੇਂ ਤਰਕ-ਆਧਾਰਿਤ ਮਸਨੂਈ ਫਲਸਫੇ ਦੇ ਮੁਕਾਬਲੇ ਉੱਤੇ ਵਧੇਰੇ ਮੁੱਲਵਾਨ ਜਾਪਦਾ ਹੈ।

ਇਸ ਕਹਾਣੀ ਦਾ ਦੂਸਰਾ ਮੁੱਖ ਪਾਤਰ ਇਕ ਸੁੰਦਰ ਸੁਸ਼ੀਲ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੀ ਮਾਲਕ ਲੜਕੀ ਫ਼ੌਜ਼ੀਆ ਅਹਿਮਦ ਹੈ ਜੋ ਆਰਥਿਕ ਪੱਖੋਂ ਅਮੀਰ ਅਤੇ ਖ਼ੁਸ਼ਹਾਲ ਪਰਿਵਾਰ ਨਾਲ ਸੰਬੰਧ ਰੱਖਦੀ ਹੈ। ਉਹ ਸੁਪੀਰੀਅਰ ਸਰਵਿਸਿਜ਼ ਦੇ ਇਮਤਿਹਾਨਾਂ ਦੀ ਤਿਆਰੀ ਕਰ ਰਹੀ ਹੈ ਅਤੇ ਉਸਦਾ ਮਕਸਦ ਅਫ਼ਸਰੀ ਦਾ ਬਾ-

ਵਕਾਰ ਤੇ ਉੱਚਾ ਅਹੁਦਾ ਹਾਸਿਲ ਕਰਨਾ ਹੈ। ਉਸਨੂੰ ਇਹ ਨੌਕਰੀ ਮਿਲ ਵੀ ਜਾਂਦੀ ਹੈ ਅਤੇ ਉਸਦੀ ਸ਼ਾਦੀ ਵੀ ਹੋ ਜਾਂਦੀ ਹੈ। ਜ਼ੁਹਰਾ ਅਲੀ ਉਸਨੂੰ ਪਿਆਰ ਵੀ ਕਰਦੀ ਹੈ ਅਤੇ ਉਸਦੀ ਮਾਣਮੱਤੀ ਸ਼ਖ਼ਸੀਅਤ ਤੋਂ ਅੰਤਾਂ ਦੀ ਮੁਤਾਸਰ ਵੀ ਹੈ ਪਰ ਅੰਦਰਖਾਤੇ ਉਸ ਨਾਲ ਲੁਕਵੀਂ ਈਰਖਾ ਤੇ ਨਫ਼ਰਤ ਵੀ ਕਰਦੀ ਹੈ। ਅਸਲ ਵਿਚ ਫੋਜੀਆ ਅਹਿਮਦ ਦੀ ਅਮੀਰ ਅਤੇ ਲਾਪ੍ਰਵਾਹ ਰਹਿਣੀ-ਬਹਿਣੀ ਅਤੇ ਉਸਦਾ ਸਵੈ-ਸੰਤੁਸ਼ਟ ਜੀਵਨ ਢੰਗ ਜ਼ੁਹਰਾ ਅਲੀ ਨੂੰ ਆਪਣੀਆਂ ਕਮੀਆਂ ਤੇ ਮਹਿਰੂਮੀਆਂ ਦਾ ਚੇਤਾ ਕਰਾਉਂਦਾ ਹੈ। ਇਸੇ ਸਖਣੇਪਨ ਨਾਲ ਜੂਝਦੀ ਹੋਈ ਉਹ ਉਹ ਆਪਣੇ ਮਨ-ਅੰਤਰ ਵਿਚ ਵਸੇ ਫ਼ਿਅਰੀ ਲੈਂਡ ਦੇ ਰੋਮਾਨੀ ਸੁਪਨ-ਸੰਸਾਰ ਵਿਚ ਪਨਾਹ ਲੈਂਦੀ ਹੈ। ਪਰ ਕੁਝ ਦਿਨਾਂ ਬਾਅਦ ਫੋਜੀਆ ਅਹਿਮਦ ਦੀ ਮੌਤ ਦੀ ਖ਼ਬਰ ਮਿਲਦੀ ਹੈ। ਉਸਦੀ ਆਪਣੇ ਅਸਿਸਟੈਂਟ ਕਮਿਸ਼ਨਰ ਨਾਲ ਨਹੀਂ ਸੀ ਬਣੀ ਅਤੇ ਉਸ ਨੇ ਸ਼ਦੀਦ ਡਿਪਰੈਸ਼ਨ ਵਿਚ ਨੀਂਦ ਦੀਆਂ ਗੋਲੀਆਂ ਖਾ ਕੇ ਖ਼ੁਦਕੁਸ਼ੀ ਕਰ ਲਈ ਸੀ। ਇਸ ਤ੍ਰਾਸਦਿਕ ਖ਼ਬਰ ਨੂੰ ਸੁਣ ਕੇ ਜ਼ੁਹਰਾ ਅਲੀ ਦਾ ਰੋਮਾਨੀ ਸੁਪਨਾ ਭੰਗ ਹੋ ਜਾਂਦਾ ਹੈ ਅਤੇ ਉਹ ਆਪਣੇ ਆਪਨੂੰ ਬੇ-ਤਰਸ ਮੁਆਸ਼ਰੇ ਦੀ ਤਲਖ਼ ਹਕੀਕਤ ਦੇ ਰੂਬਰੂ ਮਹਿਸੂਸ ਕਰਦੀ ਹੈ।

ਇਉਂ ਕਹਾਣੀ ਦਾ ਸਿਰਜਿਤ ਬਿਰਤਾਂਤ ਇਨ੍ਹਾਂ ਦੋਹਾਂ ਸਹੇਲੀਆਂ ਦੇ ਗੁੰਝਲਦਾਰ ਜਜ਼ਬਾਤੀ ਰਿਸ਼ਤੇ ਨੂੰ ਉਸਾਰਦਾ ਹੈ। ਇਹ ਉਸ ਅਣਕਹੇ ਸੁਲਘਦੇ ਅਹਿਸਾਸ ਦੀ ਬਾਤ ਪਾਉਂਦਾ ਹੈ ਜੋ ਪਿਆਰ ਅਤੇ ਨਫ਼ਰਤ ਦੀ ਸੀਮਾ-ਰੇਖਾ ਦੇ ਆਰ ਪਾਰ ਫੇਲਿਆ ਹੋਇਆ ਹੈ ਅਤੇ ਜਿਸਨੂੰ ਪਰਿਭਾਸ਼ਿਤ ਕਰ ਸਕਣਾ ਵੀ ਮੁਮਕਿਨ ਨਹੀਂ। ਇਸ ਕਹਾਣੀ ਦਾ ਬਿਰਤਾਂਤਕ ਪ੍ਰਵਚਨ ਸਮਕਾਲੀ ਸਮਾਜ-ਸਭਿਆਚਾਰ ਅਤੇ ਅਜੋਕੇ ਮੁਆਸ਼ਰੇ ਦੇ ਵਿਚਾਰਧਾਰਾਈ ਅੰਤਰ-ਵਿਰੋਧਾਂ ਨੂੰ ਪ੍ਰਦਰਸ਼ਿਤ ਕਰਦਾ ਹੈ। ਇਸ ਵਿਚ ਇਨਸਾਨ-ਦੋਸਤੀ ਅਤੇ ਲੁਕਵੀਂ ਤਬਕਾਤੀ ਨਫ਼ਰਤ ਦੀਆਂ ਅਣਦਿਸਦੀਆਂ ਤੰਦਾਂ ਨੂੰ ਇਕ-ਦੂਸਰੇ ਨੂੰ ਕੱਟਦਿਆਂ ਤੇ ਇਕ ਦੂਸਰੇ ਵਿਚੋਂ ਗੁਜ਼ਰਦਿਆਂ ਅਨੁਭਵ ਕੀਤਾ ਜਾ ਸਕਦਾ ਹੈ। ਇਹੀ ਅਜੋਕੇ ਮੁਆਸ਼ਰੇ ਦੀ ਤਲਖ਼ ਹਕੀਕਤ ਹੈ। ਲੇਖਿਕਾ ਨੇ ਇਨ੍ਹਾਂ ਦੋਹਾਂ ਪਾਤਰਾਂ ਨੂੰ ਪਰੰਪਰਾ ਤੇ ਆਧੁਨਿਕਤਾ ਦੇ ਸਮਾਨੰਤਰ ਪ੍ਰਸੰਗਾਂ ਵਿਚ ਰੱਖ ਕੇ ਪੇਸ਼ ਕੀਤਾ ਹੈ। ਜ਼ੁਹਰਾ ਅਲੀ ਪਰੰਪਰਕ ਅਤੇ ਲੋਕਧਾਰਾਈ ਵਿਰਾਸਤ ਨਾਲ ਜੁੜੀ ਹੋਈ ਹੈ। ਉਹ ਆਧੁਨਿਕਤਾ ਦੇ ਪ੍ਰਵੇਸ਼ ਰਾਹੀਂ ਸਾਮ੍ਹਣੇ ਆ ਰਹੀ ਮੁਕਾਬਲੇ ਦੀ ਚੂਹੇ ਦੌੜ ਤੋਂ ਉਪਰਾਮ ਹੈ। ਪਰੰਪਰਾ ਤੇ ਆਧੁਨਿਕਤਾ ਦਾ ਇਹ ਟਕਰਾਉ ਉਸਦੀ ਸ਼ਖ਼ਸੀਅਤ ਨੂੰ ਖੰਡਿਤ ਕਰ ਰਿਹਾ ਹੈ। ਇਧਰ ਆਧੁਨਿਕਤਾ ਦੇ ਮਾਹੌਲ ਵਿਚ ਪਲੀ ਵਿਗਸੀ ਫੌਜੀਆ ਅਹਿਮਦ ਆਪਣੀ ਗੁੰਝਲ-ਰਹਿਤ ਤੋਰ ਤੁਰ ਰਹੀ ਹੈ। ਉਹ ਆਧੁਨਿਕਤਾ ਦੇ ਉਸ ਵਿਕਰਾਲ ਰੂਪ ਤੋਂ ਨਾ-ਵਾਕਿਫ਼ ਹੈ ਜੋ ਬੰਦੇ ਨੂੰ ਮੁਕਾਬਲੇ ਦੀ ਅੰਨ੍ਹੀ ਦੌੜ ਵਿਚ ਧੱਕ ਕੇ ਮਸ਼ੀਨ ਦਾ ਪੁਰਜ਼ਾ ਬਣਾਉਣ ਵਲ ਰੁਚਿਤ ਹੁੰਦਾ ਹੈ। ਪਰ ਪਰੰਪਰਾ ਤੇ ਆਧੁਨਿਕਤਾ ਦੋ ਗੁੰਝਲਦਾਰ ਵਰਤਾਰੇ ਹਨ। ਨਾ ਤਾਂ ਪਰੰਪਰਾ ਦਾ ਸਾਰਾ ਕੁਝ ਗ੍ਰਹਿਣ ਕਰਨ ਯੋਗ ਹੈ ਅਤੇ ਨਾ ਹੀ ਆਧੁਨਿਕਤਾ ਦਾ ਸਾਰਾ ਕੁਝ ਤਿਆਗਣਯੋਗ। ਇਹ ਦੋ ਜੀਵਨ-ਵਿਧੀਆਂ ਹਨ ਜਿਨ੍ਹਾਂ ਦਾ ਆਪੋ ਆਪਣਾ ਗਿਆਨ ਪ੍ਰਬੰਧ ਹੈ। ਜ਼ੁਹਰਾ ਅਲੀ ਸੂਫ਼ੀ ਵਿਰਸੇ ਤੋਂ ਪ੍ਰਾਪਤ ਸਹਿਜ ਰੂਹਾਨੀ ਗਿਆਨ ਤੋਂ ਮੁਤਾਸਰ ਹੈ ਜਦੋਂ ਕਿ ਫੌਜੀਆ ਅਹਿਮਦ ਆਧੁਨਿਕਤਾ ਦੀ ਵਿਗਿਆਨ ਆਧਾਰਿਤ ਸੋਚ ਨਾਲ ਜੁੜੀ ਹੋਈ ਹੈ। ਸੂਫ਼ੀ ਗਿਆਨ ਬੰਦੇ ਨੂੰ ਬੰਦੇ ਨਾਲ ਜੋੜਦਾ ਹੈ ਪਰ ਮੁਕਾਬਲੇ ਦੀ ਨਵੀਂ ਉੱਸਰ ਰਹੀ ਦੁਨੀਆਂ ਵਿਚ ਇਹ ਬੇ-ਅਸਰ ਬਣਦਾ ਜਾ ਰਿਹਾ ਹੈ। ਇਸਦੇ ਮੁਕਾਬਲੇ ਤੇ ਆਧੁਨਿਕਤਾ ਦਾ ਵਿਅਕਤੀਵਾਦੀ ਫਲਸਫਾ ਬੰਦੇ ਨੂੰ ਬੰਦੇ ਨਾਲੋਂ ਤੋੜਨ ਵਲ ਰੁਚਿਤ ਦਿਖਾਈ ਦਿੰਦਾ ਹੈ। ਇਸ ਸੋਚ ਨਾਲ ਜੁੜਿਆ ਬੰਦਾ ਨਿਜੀ ਲਾਭ-ਹਾਣ ਨੂੰ ਕਾਮਯਾਬੀ ਦੀ ਕੁੰਜੀ ਸਮਝਦਾ ਹੈ ਅਤੇ ਸਹਿਜ ਮਾਨਵੀ ਰਿਸ਼ਤਿਆਂ ਦੇ ਨਿੱਘ ਤੋਂ ਮਹਿਰੂਮ ਹੋ ਜਾਂਦਾ ਹੈ। ਇਸ ਤਰ੍ਹਾਂ ਸਮਾਨੰਤਰ

ਰੂਪ ਵਿਚ ਉਸਾਰੇ ਗਏ ਇਹ ਦੋ ਨਾਰੀ ਬਿੰਬ ਇਕੋ ਵੇਲੇ ਮੁਆਸ਼ਰੇ ਦੀ ਅਜੋਕੀ ਸਥਿਤੀ ਦੀ ਨੁਮਾਇੰਦਗੀ ਵੀ ਕਰਦੇ ਹਨ ਅਤੇ ਉਸਦੀ ਹਕੀਕਤ ਨੂੰ ਉਘਾੜਨ ਵਾਲੀ ਅਲਾਮਤ ਵੀ ਬਣ ਜਾਂਦੇ ਹਨ।

ਇਸ ਸੰਗ੍ਰਹਿ ਦੀ ਦੀ ਦੂਸਰੀ ਮਹੱਤਵਪੂਰਣ ਕਹਾਣੀ ਹੈ – ਗੁਲਾਬੀ ਕਾਗ਼ਜ਼। ਇਹ ਕਹਾਣੀ ਪਰੰਪਰਾ ਅਤੇ ਵਿਵਸਥਾ ਹੱਥੋਂ ਪੀੜਿਤ ਨਾਰੀ ਮਨ ਦੀ ਦਾਸਤਾਨ ਬਿਆਨ ਕਰਦੀ ਹੈ। ਇਸ ਵਿਚ ਮਸਲਾ ਕਿਸੇ ਕਿਸਮ ਦੇ ਸਰੀਰਕ ਤਸ਼ੱਦਦ ਦਾ ਨਹੀਂ ਸਗੋਂ ਨਾਰੀ ਕਾਮਨਾ ਦੇ ਉਸ ਲੁਕਵੇਂ ਦਮਨ ਦਾ ਹੈ ਜੋ ਪਰੰਪਰਾ ਦੇ ਦਬਾਉ ਹੇਠਾਂ ਔਰਤ ਨੂੰ ਆਜ਼ਦੀ ਨਾਲ ਜਿਉਣ ਅਤੇ ਮਨ-ਇੱਛਿਤ ਪਿਆਰ-ਸੰਬੰਧ ਜੋੜਨ ਤੋਂ ਵਰਜਦਾ ਹੈ। ਇਸਦੀ ਮੁੱਖ ਪਾਤਰ, ਮਿਹਰੂ, ਅਮੀਰ ਘਰਾਣੇ ਦੀ ਇਕ ਪੜ੍ਹੀ ਲਿਖੀ, ਹੱਸਾਸ ਤੇ ਜ਼ਹੀਨ ਔਰਤ ਹੈ। ਉਹ ਆਪਣੇ ਵਰਗੇ ਹੀ ਖ਼ੁਸ਼ਹਾਲ ਤਬਕੇ ਦੇ ਇਕ ਹਸਮੁਖ, ਜੋਸ਼ੀਲੇ ਅਤੇ ਪਿਆਰ ਕਰਨ ਵਾਲੇ ਨੌਜਵਾਨ ਫ਼ਾਰੂਕ ਨਾਲ ਵਿਆਹੀ ਹੋਈ ਹੈ। ਜ਼ਾਹਰਾ ਤੌਰ ਤੇ ਉਸਨੂੰ ਹਰ ਤਰ੍ਹਾਂ ਦੇ ਸੁਖ-ਸਾਧਨ ਪ੍ਰਾਪਤ ਹਨ। ਕਿਸੇ ਕਿਸਮ ਦੀ ਕੋਈ ਕਮੀ ਨਹੀਂ। ਉਹ ਪਿਆਰ ਕਰਨ ਵਾਲੇ ਪਤੀ ਨੂੰ ਪਿਆਰ ਕਰਦੀ ਹੈ ਪਰ ਪਤਾ ਨਹੀਂ ਕਿਉਂ ਆਪਣਾ ਮੁਕੰਮਲ ਆਪਾ ਸਮਰਪਿਤ ਕਰਨ ਤੋਂ ਬਚਦੀ ਹੈ। ਇਸੇ ਖਿੱਚੋ-ਤਾਣ ਵਿਚ ਉਹ ਆਪਣੇ ਆਪ ਨੂੰ ਉਸ ਸਕੂਨ ਤੋਂ ਸੱਖਣਾ ਮਹਿਸੂਸ ਕਰਦੀ ਹੈ ਜਿਹੜਾ ਰੂਹ ਨੂੰ ਸਰਸ਼ਾਰ ਕਰ ਦਿੰਦਾ ਹੈ। ਖ਼ੁਸ਼ੀ-ਗ਼ਮੀ ਦੀ ਇਸ ਰਲਵੀਂ ਮਿਲਵੀਂ ਸਥਿਤੀ ਦਾ ਬਿਆਨ ਕਹਾਣੀ ਦੀਆਂ ਇਨ੍ਹਾਂ ਮੁੱਢਲੀਆਂ ਸਤਰਾਂ ਨਾਲ ਹੁੰਦਾ ਹੈ :

‘ਉਹ ਜ਼ਾਹਰੀ ਤੌਰ ’ਤੇ ਭਾਵੇਂ ਆਪਣੀ ਜ਼ਿੰਦਗੀ ਤੋਂ ਖ਼ੁਸ਼ ਨਹੀਂ ਸੀ ਪਰੰਤੂ ਨਾ-ਖ਼ੁਸ਼ ਵੀ ਨਹੀਂ ਸੀ। ਕਰਾਰ ਤਾਂ ਨਹੀਂ ਸੀ ਪਰ ਬੇਕਰਾਰੀ ਵੀ ਨਹੀਂ ਸੀ।’

ਇਸ ਸਥਿਤੀ ਵਿਚੋਂ ਗੁਜ਼ਰਦਿਆਂ ਅਚਾਨਕ ਉਸਦਾ ਧਿਆਨ ਅਤੀਤ ਵਲ ਚਲਾ ਜਾਂਦਾ ਹੈ। ਉਸਦੇ ਮਨ ਵਿਚ ਸਕੂਲ ਅਤੇ ਕਾਲਜ ਦੇ ਉਸ ਜ਼ਮਾਨੇ ਦੀਆਂ ਯਾਦਾਂ ਘੁੰਮ ਜਾਂਦੀਆਂ ਹਨ ਜਦੋਂ ਉਹ ਆਪਣੀ ਸ਼ਾਜ਼ੀਆ ਆਪਾ ਤੇ ਸਾਰਾ ਆਪਾ ਨਾਲ ‘ਵੱਡਾ ਜਿਹਾ ਮਲਮਲ ਦਾ ਦੁਪੱਟਾ ਲੈ ਕੇ, ਨਜ਼ਰਾਂ ਝੁਕਾਈ, ਕਿਤਾਬਾਂ ਸੀਨੇ ਨਾਲ ਲਾਈ’ ਕਾਲਜ ਲਈ ਘਰੋਂ ਨਿਕਲਦੀ ਸੀ। ਉਸਨੂੰ ‘ਅੱਬਾ ਮੀਆਂ ਤੇ ਅੰਮਾ ਦੀ ਠੋਸ ਤਰਬੀਅਤ ਅਤੇ ਰੋਕ ਟੋਕ’ ਚੇਤੇ ਆਉਂਦੀ ਹੈ। ਉਸਨੂੰ ਬਚਪਨ ਵਿਚ ਹੀ ਜ਼ਾਹਰ ਕਰ ਦਿੱਤਾ ਗਿਆ ਸੀ ‘ਬੇਟਾ ਜਦੋਂ ਤੁਸੀਂ ਸੱਭ ਘਰੋਂ ਨਿਕਲਦੀਆਂ ਹੋ ਤਾਂ ਸਾਡੀ ਗ਼ੈਰਤ ਦਾ ਦੁਸ਼ਾਲਾ ਤੁਹਾਡੇ ਮੋਢਿਆਂ ਤੇ ਹੁੰਦਾ ਹੈ। ਇਸ ਦੁਸ਼ਾਲੇ ਨੂੰ ਬੜੀ ਹਿਫ਼ਾਜ਼ਤ ਨਾਲ ਘਰ ਲੈ ਕੇ ਆਉਣਾ ਤੁਹਾਡੀ ਜ਼ੰਮੇਵਾਰੀ ਹੈ।’ ਅੱਖਾਂ ਉੱਚੀਆਂ ਕਰ ਕੇ ਕਿਸੇ ਗ਼ੈਰ-ਮਰਦ ਵਲ ਝਾਕਣ ਦੀ ਵੀ ਦਲੇਰੀ ਨਾ ਕਰ ਸਕਣ ਵਾਲੀ ਮਿਹਰੂ ਦਾ ਜਦੋਂ ਇਕ ਦਿਨ ਅਚਾਨਕ ਇਕ ਅਣਜਾਣੇ ਨੌਜਵਾਨ ਦੇ ਪਿਆਰ-ਪ੍ਰਗਟਾਵੇ ਨਾਲ ਹੁੰਦਾ ਹੈ ਤਾਂ ਉਸੇ ਵੇਲੇ ਉਸਦੇ ਸਾਮ੍ਹਣੇ ਪਿਤਰੀ ਪ੍ਰਵਚਨ ਦੀ ਤਾੜਨਾ ਆ ਖਲੋਂਦੀ ਹੈ। ਇਹ ਉਹੀ ਪਿਤਰੀ ਪ੍ਰਵਚਨ ਹੇ ਜਿਸ ਨੇ ਹੀਰ ਨੂੰ ਰਾਂਝੇ ਨਾਲ ਨਿਹੁੰ ਲਾਉਣ ਤੋਂ ਵਰਜਿਆ ਸੀ। ਹੀਰ ਨੇ ਤਾਂ ਰਾਂਝੇ ਨੂੰ ਆਪਣਾ ਮਨ-ਇੱਛਤ ਵਰ ਪ੍ਰਵਾਨ ਕਰਦਿਆਂ ਪਿਤਰੀ ਪ੍ਰਵਚਨ ਨੂੰ ਵੰਗਾਰਨ ਦੀ ਜੁੱਰਤ ਕਰ ਲਈ ਸੀ। ਵਾਰਸ ਦੀ ਹੀਰ ਦੇ ਬੋਲਾਂ ਇਨ੍ਹਾਂ ਬੋਲਾਂ ਵਿਚ ਇਸੇ ਨਾਬਰੀ ਦੀ ਆਵਾਜ਼ ਅੱਜ ਵੀ ਸੁਣੀ ਜਾ ਸਕਦੀ ਹੈ :

‘ਵਾਰਿਸ ਸ਼ਾਹ ਨਾ ਮੁੜਾਂਗੀ ਰਾਂਝਣੇ ਤੋਂ ਭਾਵੇਂ ਬਾਪ ਦੇ ਬਾਪ ਦਾ ਬਾਪ ਆਵੇ।’ (ਹੀਰ-ਵਾਰਿਸ)

ਪਰ ਹੀਰ ਨੂੰ ਇਸ ਜੁੱਰਤ ਦੀ ਕੀਮਤ ਵੀ ਤਾਰਨੀ ਪਈ ਸੀ। ਮਿਹਰੂ ਦੀ ਸਥਿਤੀ ਇਹ ਹੈ ਕਿ ਉਸਨੇ ਆਪਣੇ ਇਸ ਨਵੇਂ ਜਾਗੇ ਪਿਆਰ ਦੀ ਸਿਰਫ਼ ਪਹਿਲੀ ਝਰਨਾਟ ਹੀ ਅਨੁਭਵ ਕੀਤੀ ਹੈ। ਉਸਦੇ ਮਹਿਬੂਬ ਦਾ

ਚਹਿਰਾ ਅਜੇ ਸਪਸ਼ਟ ਨਹੀਂ। ਉਸਨੇ ਵਰਜਣਾਵਾਂ ਦੇ ਡਰੋਂ ਹਾਲੇ ਇਸ ਅਣਜਾਣੇ ਮਹਿਬੂਬ ਵਲ ਤੱਕਿਆ ਹੀ ਨਹੀਂ। ਪਰ ਉਸਦੇ ਮਨ ਵਿਚ ਮਹਿਬੂਬਾ ਬਣਨ ਦਾ ਸੁਪਨਾ ਜਾਗ ਪੈਂਦਾ ਹੈ ਜਿਸਨੂੰ ਉਹ ਉਸ ਨੌਜਵਾਨ ਵਲੋਂ ਫੜਾਏ ਖ਼ੁਸ਼ਬੂਦਾਰ ਗੁਲਾਬੀ ਕਾਗ਼ਜ਼ ਦੇ ਟੁਕੜੇ ਦੇ ਰੂਪ ਵਿਚ ਸਾਂਭ ਲੈਂਦੀ ਹੈ ਅਤੇ ਨਾ-ਚਾਹੁੰਦਿਆਂ ਹੋਇਆਂ ਵੀ ਸੁੱਟ ਨਹੀਂ ਸਕਦੀ। ਇਹੀ ਗੁਲਾਬੀ ਕਾਗ਼ਜ਼ ਦਾ ਟੁਕੜਾ ਉਸਦੇ ਅਤੇ ਫ਼ਾਰੂਕ ਦੇ ਪਿਆਰ-ਸੰਬੰਧਾਂ ਦਰਮਿਆਨ ਲੁਕਵੀਂ ਰੁਕਾਵਟ ਬਣ ਜਾਂਦਾ ਹੈ।

ਅਤੀਤ ਦੀਆਂ ਯਾਦਾਂ ਵਿਚੋਂ ਲੰਘਦੀ ਹੋਈ ਉਸਨੂੰ ਆਪਣੇ ਮਨ ਦੀਆਂ ਗਰਿਾਈਆਂ ਵਿਚ ਵਸਦੇ ਮਹਿਬੂਬਾ ਬਣਨ ਦੇ ਰੋਮਾਨੀ ਸੁਪਨੇ ਦਾ ਅਹਿਸਾਸ ਹੁੰਦਾ ਹੈ ਅਤੇ ਹੁਣ ਉਹ ਆਪਣੇ ਪਤੀ ਨੂੰ ਇਕ ਮਹਿਬੂਬਾ ਵਾਂਗ ਮਿਲਣ ਲਈ ਬੇਕਰਾਰ ਹੋ ਉਠਦੀ ਹੈ। ਇਸ ਕਹਾਣੀ ਦੀ ਖ਼ੂਬਸੂਰਤੀ ਇਹ ਹੈ ਕਿ ਇਹ ਪਿਤਰੀ ਸੱਤਾ ਦੇ ਪ੍ਰਵਚਨ ਦਾ ਵਿਸ਼ਲੇਸ਼ਣ ਵੀ ਪੇਸ਼ ਕਰਦੀ ਹੈ ਅਤੇ ਦਮਿਤ ਨਾਰੀ-ਕਾਮਨਾ ਦਾ ਬਿਰਤਾਂਤ ਵੀ ਉਸਾਰਦੀ ਹੈ। ਇਹ ਪਿਤਰੀ ਪ੍ਰਵਚਨ ਦੇ ਅਵਚੇਤਨ ਵਿਚ ਝਾਕਦੀ ਹੋਈ ਉਸਨੂੰ ਅਜੋਕੇ ਮੁਆਸ਼ਰੇ ਵਿਚ ਪੁਨਰ-ਸਿਰਜਿਤ ਕਰਨ ਵਲ ਰੁਚਿਤ ਹੁੰਦੀ ਹੈ। ਇਹ ਹੀਰ ਦੇ ਆਪਾ-ਵਾਰੂ ਰੋਮਾਨੀ ਵਿਦਰੋਹ ਵਾਂਗ ਪਿਤਰੀ ਪ੍ਰਵਚਨ ਨੂੰ ਵੰਗਾਰਦੀ ਤਾਂ ਨਹੀਂ ਪਰ ਉਸਨੂੰ ਸਮਝਣ ਦਾ ਉਪਰਾਲਾ ਜ਼ਰੂਰ ਕਰਦੀ ਹੈ। ਅਸਲ ਵਿਚ ਹੀਰ ਤੇ ਮਿਹਰੂ ਦੀ ਸਥਿਤੀ ਵਿਚ ਵੀ ਅੰਤਰ ਹੈ। ਮਿਹਰੂ ਨੇ ਤਾਂ ਹਾਲੇ ਉਸ ਅਣੋਬੜ ਨੌਜਵਾਨ ਦੇ ਪਿਆਰ ਨੂੰ ਪੂਰੀ ਤਰ੍ਹਾਂ ਪਛਾਣਿਆਂ ਵੀ ਨਹੀਂ। ਦੋਹਾਂ ਦਰਮਿਆਨ ਰੂਹ ਦਾ ਰਿਸ਼ਤਾ ਅਜੇ ਕਾਇਮ ਨਹੀਂ ਹੋਇਆ। ਉਹ ਹੀਰ ਤਾਂ ਹਾਲੇ ਬਣੀ ਹੀ ਨਹੀਂ। ਉਹ ਤਾਂ ਆਪਣੇ ਅਵਚੇਤਨ ਵਿਚ ਵਸੇ ਹੀਰ ਦੇ ਰੋਮਾਨੀ ਅਕਸ ਨੂੰ ਜਿਉਣਾ ਲੋਚਦੀ ਹੈ, ਇਕ ਮਹਿਬੂਬਾ ਬਣ ਕੇ। ਕਹਾਣੀ ਦਾ ਸਿਰਜਿਤ ਪ੍ਰਵਚਨ ਇਸੇ ਅਵਚੇਤਨ ਰੋਮਾਨੀ ਸੁਪਨੇ ਦੀ ਦਾਸਤਾਨ ਬਿਆਨ ਕਰਦਾ ਹੈ।

ਇਸੇ ਤਰ੍ਹਾਂ ਇਸ ਸੰਗ੍ਰਹਿ ਦੀ ਇਕ ਹੋਰ ਕਹਾਣੀ ਹੈ - ਦਿਲ ਤੇ ਦਰਿਆ। ਇਹ ਕਹਾਣੀ ਨਾਰੀ ਕਾਮਨਾ ਦੇ ਇਕ ਸੂਖਮ ਪਹਿਲੂ ਦਾ ਮਨੋਵਿਸ਼ਲੇਸ਼ਣ ਪੇਸ਼ ਕਰਦੀ ਹੈ। ਕਹਾਣੀ ਦੀ ਮੁੱਖ ਪਾਤਰ, ਸਬੀਹਾ, ਦਰਮਿਆਨੇ ਤਬਕੇ ਦੀ ਇਕ ਸੁਖ-ਰਹਿਣੀ ਔਰਤ ਹੈ। ਆਪਣੇ ਸ਼ਾਦੀਸ਼ੁਦਾ ਜੀਵਨ ਵਿਚ ਉਹ ਆਪਣੇ ਪਿਆਰ ਕਰਨ ਵਾਲੇ ਪਤੀ ਅਤੇ ਪਿਆਰੇ ਬੱਚਿਆਂ ਨਾਲ ਹਰ ਤਰ੍ਹਾਂ ਦੀਆਂ ਸੁਖ ਸੁਵਿਧਾਵਾਂ ਵਾਲਾ ਜੀਵਨ ਬਿਤਾ ਰਹੀ ਹੈ। ਸਾਰਾ ਕੁਝ ਬਾ-ਤਰਤੀਬ ਢੰਗ ਦੀ ਸਹਿਜਤਾ ਨਾਲ ਹੋ ਰਿਹਾ ਹੈ। ਪਰ ਇਕ ਦਿਨ ਅਚਾਨਕ ਉਸਦੇ ਜੀਵਨ ਦਾ ਸਹਿਜ ਭੰਗ ਹੋ ਜਾਂਦਾ ਹੈ ਅਤੇ ਹਰ ਗੱਲ ਵਿਚ ਇਕ ਤਰ੍ਹਾਂ ਦੀ ਬੇਤਰਤੀਬੀ ਜਿਹੀ ਆ ਜਾਂਦੀ ਹੈ। ਇਸਦਾ ਕਾਰਣ ਉਸਦੇ ਕਾਲਜ ਦੇ ਦਿਨਾਂ ਦੇ ਇਕ ਸਹਿਪਾਠੀ ਨਾਲ ਹੋਈ ਅਚਾਨਕ ਮੁਲਾਕਾਤ ਹੈ। ਉਹ ਹਸਮੁਖ ਤਬੀਅਤ ਤੇ ਜ਼ਿੰਦਾਦਿਲ ਸ਼ਖ਼ਸੀਅਤ ਵਾਲੇ ਇਸ ਸਹਿ-ਪਾਠੀ, ਬਸ਼ਾਰਤ ਅਲੀ ਤੋਂ ਬਹੁਤ ਪ੍ਰਭਾਵਿਤ ਸੀ ਪਰ ਆਪਣੇ ਸੰਕੋਚੀ ਸੁਭਾ ਕਾਰਣ ਚਾਹੁੰਦਿਆਂ ਹੋਇਆਂ ਵੀ ਉਸ ਨਾਲ ਜਾਂ ਕਿਸੇ ਕਿਸਮ ਦਾ ਜਜ਼ਬਾਤੀ ਰਿਸ਼ਤਾ ਜੋੜਨ ਤੋਂ ਝਿਜਕਦੀ ਰਹੀ ਸੀ। ਇਉਂ ਇਹ ਰੋਮਾਨੀ ਸੁਪਨਾ ਉਸਦੇ ਮਨ ਦੀਆਂ ਡੂੰਘਾਈਆਂ ਵਿਚ ਹੀ ਕਿਧਰੇ ਦਫ਼ਨ ਹੋ ਜਾਂਦਾ ਹੈ।

ਬਸ਼ਾਰਤ ਅਲੀ ਨਾਲ ਹੋਈ ਅਚਾਨਕ ਮੁਲਾਕਾਤ ਨਾਲ ਉਸਦੇ ਮਨ ਵਿਚ ਉਮਾਹ ਦੀ ਇਕ ਲਹਿਰ ਜਿਹੀ ਦੌੜ ਜਾਂਦੀ ਹੈ। ਬਸ਼ਾਰਤ ਅਲੀ ਆਪਣੇ ਸੁਭਾ ਅਨੁਸਾਰ ਦੋਸਤਾਨਾ ਨਿੱਘ ਅਤੇ ਬੇਬਾਕੀ ਨਾਲ ਮਿਲਦਾ ਹੈ। ਉਹ ਉਸਨੂੰ ਆਪਣੇ ਪਤੀ ਨਾਲ ਮਿਲਾਉਂਦੀ ਹੈ ਅਤੇ ਉਹ ਦੋਵੇਂ ਇਕ ਦੂਸਰੇ ਨਾਲ ਘੁਲਮਿਲ ਜਾਂਦੇ ਹਨ। ਬਸ਼ਾਰਤ ਅਲੀ ਅਕਸਰ ਉਸਦੇ ਘਰ ਆਉਣ ਜਾਣ ਲੱਗ ਪੈਂਦਾ ਹੈ। ਉਸਦੀ ਹੋਂਦ ਨੂੰ ਆਪਣੇ ਘਰ ਵਿਚ ਅਨੁਭਵ ਕਰਦਿਆਂ ਉਹ ਨੂੰ

ਅਣਕਹੀ ਜਿਹੀ ਖ਼ੁਸ਼ੀ ਮਿਲਦੀ ਹੈ। ਪਰ ਜਦੋਂ ਉਸਨੂੰ ਕੁਝ ਦਿਨਾਂ ਲਈ ਆਪਣੀਆਂ ਜ਼ਮੀਨਾਂ ਦੇ ਬੰਦੋਬਸਤ ਲਈ ਪਿੰਡ ਜਾਣਾ ਪੈਂਦਾ ਹੈ ਤਾਂ ਪੂਰੇ ਘਰ ਦੇ ਮਾਹੌਲ ਵਿਚ ਬੇਤਰਤੀਬੀ ਆ ਜਾਂਦੀ ਹੈ। ਆਪਣੇ ਮਨ ਵਿਚ ਝਾਕਦਿਆਂ ਉਸਨੂੰ ਆਪਣੇ ਅਵਚੇਤਨ ਵਿਚ ਦਫ਼ਨ ਹੋਏ ਰੋਮਾਨੀ ਸੁਪਨੇ ਦੀ ਹਕੀਕਤ ਦਾ ਅਹਿਸਾਸ ਹੁੰਦਾ ਹੈ ਅਤੇ ਉਹ ਇਸ ਦਮਿਤ ਕਾਮਨਾ ਦਾ ਰਹੱਸ ਸਮਝ ਲੈਂਦੀ ਹੈ। ਹੁਣ ਉਸ ਲਈ ਇਸਦੀ ਅਦ੍ਰਿਸ਼ਟ ਪਕੜ ਵਿਚ ਨਿਕਲਣਾ ਬਹੁਤਾ ਔਖਾ ਨਹੀਂ। ਕਹਾਣੀ ਦੀ ਖ਼ੂਬਸੂਰਤੀ ਇਹ ਹੈ ਕਿ ਇਹ ਨਾਰੀ-ਮਨ ਦੀਆਂ ਗਹਿਰਾਈਆਂ ਵਿਚ ਛੁਪੀ ਦਮਿਤ ਕਾਮਨਾ ਦਾ ਵਿਸ਼ਲੇਸ਼ਣ ਪੇਸ਼ ਕਰਦੀ ਹੈ।

ਬੁਸ਼ਰਾ ਏਜਾਜ਼ ਦੇ ਇਸ ਕਹਾਣੀ-ਸੰਗ੍ਰਹਿ ਦੀਆਂ ਕੁਝ ਕਹਾਣੀਆਂ ਮਜ਼੍ਹਬੀ ਅਕੀਦਿਆਂ ਅਤੇ ਲੋਕਧਾਰਾਈ ਮਨੌਤਾਂ ਦੀ ਆੜ ਵਿਚ ਮਰਦ ਵਲੋਂ ਔਰਤ ਦੀ ਦੇਹ ਦੇ ਸ਼ੋਸ਼ਣ ਦੀ ਬਾਤ ਪਾਉਂਦੀਆਂ ਹਨ। ਇਸ ਸੰਦਰਭ ਵਿਚ ਦੋ ਕਹਾਣੀਆਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ- 'ਅਬਾਬੀਲ' ਅਤੇ 'ਛੋਟੀ ਮਸਜਿਦ ਦਾ ਸ਼ੈਤਾਨ' ਜ਼ਿਕਰਯੋਗ ਹਨ। ਮਿਸਾਲ ਵਜੋਂ 'ਅਬਾਬੀਲ' ਇਕ ਯਤੀਮ ਕੁੜੀ, ਰੁਕੱਈਆ, ਦੀ ਕਹਾਣੀ ਬਿਆਨ ਕਰਦੀ ਹੈ ਜਿਸਨੂੰ 'ਸ਼ਾਹ ਜੀ ਨੇ ਬਿਨਾ ਮਾਂ-ਬਾਪ ਦੀ ਇਸ ਬੱਚੀ ਨੂੰ ਉਸ ਵਕਤ ਪਨਾਹ ਦਿੱਤੀ ਸੀ ਜਦੋਂ ਉਸਦੇ ਸਕੇ-ਸੰਬੰਧੀਆਂ ਨੇ ਤਿਆਗ ਦਿੱਤਾ ਸੀ। ਸ਼ਾਹ ਜੀ ਦੀ ਪਨਾਹ ਵਿਚ ਰਹਿੰਦਿਆਂ ਰੁਕੱਈਆ ਬੀਬੀ ਨੂੰ ਨਿਜੀ ਸੁਰੱਖਿਆ ਮਿਲਦੀ ਹੈ। ਉਹ ਆਪਣਾ ਵਕਤ ਨਾਮਾਜ਼ਾਂ, ਤਸਬੀਹ (ਜਾਪ) ਦਰੂਦ-ਓ-ਸਲਾਮ ਵਿਚ ਗੁਜ਼ਾਦੀ ਹੈ ਤੇ ਸ਼ਾਹ ਜੀ ਦੇ ਮੁਰੀਦ ਵੀ ਉਸਨੂੰ ਪੂਰਾ ਸਤਕਾਰ ਦਿੰਦੇ ਹਨ। ਪਰ ਰੁਕੱਈਅ ਬੀਬੀ ਸ਼ਰਧਾ ਦੇ ਇਸ 'ਵਾਲਿਹਾਨਾ ਅੰਦਾਜ਼' ਤੇ ਖ਼ੁਸ਼ ਹੋਣ ਦੀ ਥਾਂ ਗ਼ਮਗ਼ੀਨ ਰਹਿੰਦੀ ਹੈ ਅਤੇ ਇਕ ਬੋਝਲ ਜਿਹੀ ਤਨਹਾਈ ਹਰ ਵਕਤ ਉਸ ਨੂੰ ਜਕੜੀ ਰੱਖਦੀ ਹੈ। ਉਹ ਇਕਾਂਤ ਦੀ ਵਹਿਸ਼ਤ ਦਾ ਸ਼ਿਕਾਰ ਹੋ ਕੇ ਅਕਸਰ ਹੁਜਰੇ ਦੇ ਨਾਲ ਵਾਲੀ ਖਿੜਕੀ ਵਿਚ ਬਣੀ ਦਰਜ ਤੋਂ ਬਾਹਰ ਝਾਕਦੀ ਰਹਿੰਦੀ ਹੈ। ਫੇਰ ਇਕ ਦਿਨ ਅਚਾਨਕ ਜਦੋਂ ਉਹ ਸਫ਼ੈਦ ਲਿਬਾਸ ਪਾਈ ਗ਼ੁਸਲਖ਼ਾਨੇ ਵਿਚੋਂ ਬਾਹਰ ਨਿਕਲ ਰਹੀ ਹੁੰਦੀ ਹੈ ਤਾਂ ਉਸਦਾ ਸਾਮ੍ਹਣਾ ਸ਼ਹਿਰੋਂ ਆਏ ਛੋਟੇ ਸ਼ਾਹ ਜੀ ਨਾਲ ਹੁੰਦਾ ਹੈ। ਸ਼ਾਹ ਜੀ ਦਾ ਇਹ ਬੇਟਾ ਯੂਨੀਵਰਸਿਟੀ ਦਾ ਵਿਦਿਆਰਥੀ ਹੈ। ਉਹ ਰੁਕੱਈਆ ਦੇ ਪਰੀਆਂ ਵਰਗੇ ਹੁਸਨ ਦੀ ਤਾਬ ਨਾ ਝੱਲਦਾ ਹੋਇਆ ਇਕ ਦਮ ਠਿਠਕ ਜਾਂਦਾ ਹੈ। ਇਸ ਅਚਾਨਕ ਮਿਲਨੀ ਨੇ ਦੋਹਾਂ ਦੇ ਮਨਾਂ ਅੰਦਰ ਜਜ਼ਬਿਆਂ ਦੀਆਂ ਅਣਕਿਆਸੀਆਂ ਤਰੰਗਾਂ ਛੇੜ ਦਿੱਤੀਆਂ। ਛੋਟੇ ਸ਼ਾਹ ਜੀ ਨੇ ਇਸ ਤਰ੍ਹਾਂ ਦਾ ਪਰੀਆਂ ਵਰਗਾ ਹੁਸਨ (ਜਮਾਲ) ਕਦੇ ਨਹੀਂ ਸੀ ਤੱਕਿਆ ਤੇ ਰੁਕੱਈਆ ਬੀਬੀ ਵੀ ਇਸ ਤੋਂ ਪਹਿਲਾਂ ਇੰਜ ਬੇਪਰਦਾ ਕਦੇ ਵੀ ਕਿਸੇ ਮਰਦ ਦੇ ਸਾਮ੍ਹਣੇ ਨਹੀਂ ਸੀ ਆਈ।

ਮਜ਼੍ਹਬੀ ਅਕੀਦਿਆਂ ਦੀਆਂ ਅਣਦਿਸਦੀਆਂ ਦੀਵਾਰਾਂ ਦੋਹਾਂ ਦੇ ਦਰਮਿਆਨ ਹਾਇਲ ਹਨ। ਉਹ ਚੋਰੀ ਚੋਰੀ ਤਾਂ ਮਿਲ ਸਕਦੇ ਹਨ, ਸ਼ਾਹਦੀ ਨਹੀਂ। ਛੋਟੇ ਸ਼ਾਹ ਜੀ ਨੂੰ ਬੁਖ਼ਾਰ ਚੜ੍ਹ ਜਾਂਦਾ ਹੈ ਜੋ ਸ਼ਾਇਦ ਇਸੇ ਮਾਨਸਿਕ ਕਸ਼ਮਕਸ਼ ਦਾ ਨਤੀਜਾ ਹੈ। ਰੁਕੱਈਆ ਹੁਣ ਆਪਣੇ ਆਪ ਨੂੰ ਰੋਕ ਨਹੀਂ ਸਕਦੀ। ਉਹ ਡਰਦੀ ਝਿਕਦੀ ਛੋਟੇ ਸ਼ਾਹ ਜੀ ਦੇ ਨੀਮ ਹਨੇਰੇ ਕਮਰੇ ਵਿਚ ਚਲੀ ਜਾਂਦੀ ਹੈ। ਰੁਕੱਈਆ ਨੂੰ ਅਚਾਨਕ ਆਪਣੇ ਕਮਰੇ ਦੀ ਇਕੱਲ ਵਿਚ ਨੇੜੇ ਦੇਖ ਕੇ ਛੋਟੇ ਸ਼ਾਹ ਜੀ ਉਸਨੂੰ ਆਪਣੀਆਂ ਬਾਹਾਂ ਵਿਚ ਭਰ ਲੈਂਦੇ ਹਨ। ਜਜ਼ਬਿਆਂ ਦੇ ਹੜ੍ਹ ਵਿਚ ਨਾ-ਚਾਹੁੰਦਿਆਂ ਹੋਇਆਂ ਵੀ ਸਾਰੀਆਂ ਮਸਨੂਈ ਦੂਰੀਆਂ ਮਿਟ ਜਾਂਦੀਆਂ ਹਨ ਅਤੇ ਉਹ ਸਾਰਾ ਕੁਝ ਵਾਪਰ ਜਾਂਦਾ ਹੈ ਜਿਸਨੂੰ ਨਾ ਛੋਟੇ ਸ਼ਾਹ ਸਾਹਿਬ ਨੇ ਸਚਿਆ ਸੀ ਤੇ ਨਾ ਰੁਕੱਈਆ ਨੇ ਚਾਹਿਆ ਸੀ। ਉਸ ਨੂੰ ਹਮਲ ਠਹਿਰ ਜਾਂਦਾ ਹੈ। ਸੱਭ ਤੋਂ ਪਹਿਲਾਂ ਇਸ ਦੀ ਖ਼ਬਰ ਘਰ ਦੀ ਨੌਕਰਾਣੀ ਨੂੰ ਹੁੰਦੀ ਹੈ ਅਤੇ ਫੇਰ ਜਿਵੇਂ ਸਾਰਾ ਜ਼ਮਾਨਾ ਇਸ ਭੇਤ ਤੋਂ ਜਾਣੂ ਹੋ

ਜਾਂਦਾ ਹੈ। ਇਸ ਅਣਹੋਣੀ ਘਟਨਾ ਤੋਂ ਬਾਅਦ ਰੁਕੱਈਆ ਦਾ ਜੀਣਾ ਮੁਹਾਲ ਹੋ ਜਾਂਦਾ ਹੈ। ਲੋਕ ਇਸ ਗੁਨਾਹ ਦੀ ਸਜ਼ਾ ਦੇਣ ਲਈ ਰੁਕੱਈਆ ਨੂੰ ਸੰਗਸਾਰ ਕਰਨ ਤੇ ਉਤਾਰੂ ਹੋ ਜਾਂਦੇ ਹਨ। ਉਨ੍ਹਾਂ ਦੀ ਅਗਵਾਈ ਖੂਹ ਵਾਲਾ ਉਹ ਪੀਰ ਕਰ ਰਿਹਾ ਹੈ ਜਿਸਦਾ ਧੰਦਾ ਬੇ-ਔਲਾਦ ਔਰਤਾਂ ਨੂੰ ਭੁਚਲਾ ਕੇ ਆਪਣੀ ਹਵਸ ਦੀ ਪੂਰਤੀ ਕਰਨਾ ਹੈ। ਰੁਕੱਈਆ ਖੂਹ ਵਾਲੇ ਪੀਰ ਦੇ ਭੜਕਾਏ ਇਸੇ ਮਜ਼੍ਹਬੀ ਜਨੂੰਨ ਦਾ ਸ਼ਿਕਾਰ ਹੋ ਜਾਂਦੀ ਹੈ। ਲੋਕਾਂ ਦੀ ਭੀੜ ਉਸਨੂੰ ਪੱਥਰ ਮਾਰ ਮਾਰ ਕੇ ਮਾਰ ਸੁੱਟਦੀ ਹੈ। ਕਹਾਣੀ ਦਾ ਪ੍ਰਵਚਨ ਸਮਾਜ-ਸਭਿਆਚਾਰ ਵਿਚ ਜਿਉਣ ਵਾਲੀ ਔਰਤ ਦੀ ਅਜੋਕੀ ਸਥਿਤੀ ਬਾਰੇ ਅਨੇਕਾਂ ਸਵਾਲ ਖੜ੍ਹੇ ਕਰਦਾ ਹੈ। ਪਿਆਰ ਵਰਗੇ ਮਾਸੂਮ ਜਜ਼ਬੇ ਨੂੰ ਗੁਨਾਹ ਕਿਉਂ ਸਮਝਿਆ ਜਾਂਦਾ ਹੈ? ਜੇ ਪਿਆਰ ਕਰਨਾ ਗੁਨਾਹ ਹੈ ਤਾਂ ਇਸਦਾ ਇਲਜ਼ਾਮ ਸਿਰਫ਼ ਔਰਤ ਉੱਤੇ ਹੀ ਕਿਉਂ ਧਰਿਆ ਜਾਂਦਾ ਹੈ? ਪਿਆਰ ਨੂੰ ਗੁਨਾਹ ਆਖਣ ਵਾਲਿਆਂ ਦਾ ਆਪਣਾ ਕਿਰਦਾਰ ਕਿਹੋ ਜਿਹਾ ਹੈ? ਕਹਾਣੀ ਦੇ ਸਿਰਜਿਤ ਬਿਰਤਾਂਤ ਵਿਚ ਗੁਨਾਹ ਦਾ ਇਲਜ਼ਾਮ ਸਿਰਫ਼ ਰੁਕੱਈਆ ਉੱਤੇ ਲਗਦਾ ਹੈ। ਇਸਦੇ ਸਹਿਭਾਗੀ, ਛੋਟੇ ਸ਼ਾਹ ਜੀ ਆਪ ਵੀ ਖ਼ਾਮੋਸ਼ ਹਨ ਅਤੇ ਭੀੜ ਵੀ ਉਨ੍ਹਾਂ ਦੇ ਕਿਰਦਾਰ ਉੱਤੇ ਕੋਈ ਇਲਜ਼ਾਮ ਨਹੀਂ ਧਰਦੀ। ਇਸ ਤਰ੍ਹਾਂ ਇਸ ਕਹਾਣੀ ਦਾ ਪ੍ਰਵਚਨ ਮਰਦ-ਪ੍ਰਧਾਨ ਵਿਵਸਥਾ ਹੱਥੋਂ ਪੀੜਿਤ ਨਾਰੀ ਦੀ ਅਣਕਹੀ ਸਥਿਤੀ ਦਾ ਬਿਰਤਾਂਤ ਸਿਰਜਦਾ ਹੈ ਅਤੇ ਮਰਦ-ਔਰਤ ਰਿਸ਼ਤਿਆਂ ਦੀ ਹਕੀਕਤ ਨੂੰ ਫਰੋਲਦਾ ਹੈ।

'ਬਾਰਾਂ ਆਨਿਆਂ ਦੀ ਔਰਤ' ਇਸ ਸੰਗ੍ਰਹਿ ਦੀ ਸਰਬੋਤਮ ਕਹਾਣੀ ਹੈ। ਇਹ ਕਹਾਣੀ ਸਮਕਾਲੀ ਵਿਵਸਥਾ ਵਿਚ ਔਰਤ ਦੀ ਸਥਿਤੀ ਅਤੇ ਮਾਨਸਿਕਤਾ ਨੂੰ ਫਰੋਲਦੀ ਹੋਈ ਉਸਦੇ ਜਜ਼ਬਾਤੀ ਸ਼ੋਸ਼ਣ ਦਾ ਮਾਰਮਿਕ ਬਿਰਤਾਂਤ ਸਿਰਜਦੀ ਹੈ। ਇਸ ਦੇ ਨਾਲ ਹੀ ਇਸ ਵਿਚ ਗਲੋਬਲਾਈਜ਼ੇਸ਼ਨ ਦੇ ਵਧ ਰਹੇ ਪ੍ਰਭਾਵ ਹੇਠਾਂ ਪਨਪ ਰਹੇ ਖਪਤ ਸਭਿਆਚਾਰ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਹੈ। ਇਸ ਕਹਾਣੀ ਵਿਚਲੀ ਮੁੱਖ-ਪਾਤਰ, ਸਮਰ, ਆਪਣੇ ਪਤੀ ਰਿਆਜ਼ ਨਾਲ ਭਰਪੂਰ ਇਸ਼ਕ ਤੇ ਸਾਰੇ ਖ਼ਾਨਦਾਨ ਦੀ ਨਾਰਾਜ਼ਗੀ ਮੁੱਲ ਲੈ ਕੇ ਧੜੱਲੇ ਨਾਲ ਸ਼ਾਦੀ ਕਰਨ ਤੋਂ ਬਾਅਦ ਬੜੇ ਮਜ਼ੇ ਨਾਲ ਜਿਉਂ ਰਹੀ ਹੈ। ਮੀਨਾ ਤੇ ਸਾਇਮਾ ਦੀ ਪੈਦਾਇਸ਼ ਤੋਂ ਬਾਅਦ ਤਾਂ ਉਹ ਆਪਣੇ ਆਪ ਨੂੰ ਮੁਕੰਮਲ ਸਮਝ ਕੇ ਸਾਰੇ ਜਹਾਨ ਤੋਂ ਅੱਖਾਂ ਬੰਦ ਕਰ ਲੈਂਦੀ ਹੈ। ਦੋਹਾਂ ਦੇ ਸਹਿਜ ਤੋਰੇ ਤੁਰਦੇ ਜੀਵਨ-ਸਾਗਰ ਵਿਚ ਇਕ ਦਿਨ ਅਚਾਨਕ ਤੂਫ਼ਾਨ ਆ ਜਾਂਦਾ ਹੈ। ਰਿਆਜ਼ ਦੇ ਮਨ ਉੱਤੇ ਬਾਹਰ ਜਾਣ ਦਾ ਜਨੂੰਨ ਸਵਾਰ ਹੋ ਜਾਂਦਾ ਹੈ। ਚੰਗੀ ਭਲੀ ਨੌਕਰੀ ਨੂੰ ਲੱਤ ਮਾਰ ਕੇ ਉਹ ਰੋਂਦੀ ਵਿਲਕਦੀ ਸਮਰ ਨੂੰ ਛੱਡ ਕੇ ਅਮਰੀਕਾ ਸੈਟਲ ਹੋ ਜਾਣ ਲਈ ਤਿਆਰ ਹੋ ਜਾਂਦਾ ਹੈ। ਇੱਥੋਂ ਹੀ ਸਮਰ ਦੀ ਤ੍ਰਾਸਦੀ ਦਾ ਆਗ਼ਾਜ਼ ਹੁੰਦਾ ਹੈ। ਗਰੀਨ ਕਾਰਡ ਹਾਸਿਲ ਕਰਨ ਲਈ ਰਿਆਜ਼ ਰੀਟਾ ਨਾਂ ਦੀ ਇਕ ਅਮਰੀਕਨ ਕੁੜੀ ਨਾਲ ਸ਼ਾਦੀ ਕਰ ਲੈਂਦਾ ਹੈ ਅਤੇ ਫੇਰ ਛੇਤੀ ਹੀ ਸਮਰ ਦੀ ਜ਼ਿੰਦਗੀ ਵਿਚੋਂ ਨਿਕਲ ਜਾਂਦਾ ਹੈ।

ਇਸ਼ਕ ਦੀ ਨਾਕਾਮੀ ਅਤੇ ਪਰਿਵਾਰ ਦੀ ਤਬਾਹੀ ਦੇ ਸੰਤਾਪ ਨੂੰ ਭੋਗਦੀ ਹੋਈ ਸਮਰ ਕੁਝ ਚਿਰ ਆਪਣੇ ਆਪ ਨੂੰ ਸੰਭਾਲਣ ਦਾ ਜਤਨ ਕਰਦੀ ਹੈ। ਉਹ ਆਪਣੇ ਬੱਚਿਆਂ ਦੀ ਪਰਵਰਿਸ਼ ਵਿਚ ਰੁਝ ਜਾਂਦੀ ਹੈ। ਪਰ ਇਕ ਦਿਨ ਜਦੋਂ ਉਹ ਉਦਾਸੀ ਦੀ ਮੂਰਤ ਬਣੀ ਆਪਣੇ ਬੱਚਿਆਂ ਸੰਗ ਪਾਰਕ ਵਿਚ ਬੈਠੀ ਸੀ ਤਾਂ ਉਸਦੀ ਮੁਲਾਕਾਤ ਇਕ ਅਣਜਾਣੇ ਮਰਦ ਸ਼ਹਿਬਾਜ਼ ਨਾਲ ਹੁੰਦੀ ਹੈ। ਸ਼ਹਿਬਾਜ਼ ਉਸਦੇ ਹੁਸਨ ਤੋਂ ਮੁਤਾਸਰ ਹੋ ਕੇ ਉਸ ਵਲ ਆਕਰਸ਼ਿਤ ਹੁੰਦਾ ਹੈ। ਉਹ ਗਲੀਂ ਬਾਤੀਂ ਆਪਣੀ ਮੁਹੱਬਤ ਦਾ ਇਜ਼ਹਾਰ ਕਰਦਾ ਹੈ। ਪਹਿਲੋਂ ਪਹਿਲ ਤਾਂ ਸਮਰ ਉਸਨੂੰ ਬਹੁਤ ਸੰਜੀਦਗੀ ਨਾਲ ਨਹੀਂ ਲੈਂਦੀ ਪਰ ਆਖ਼ਰਕਾਰ ਅਤ੍ਰਿਪਤ ਕਾਮਨਾ ਦੇ ਮੂੰਹ-ਜ਼ੋਰ ਅਸਰ ਹੇਠਾਂ ਉਹ ਉਸਦੀ ਦਿਖਾਵੇ

ਦੀ ਮੁਹੱਬਤ ਦਾ ਸ਼ਿਕਾਰ ਹੋ ਜਾਂਦੀ ਹੈ। ਸ਼ਹਿਬਾਜ਼ ਉਸਨੂੰ ਮੁਹੱਬਤ ਨਹੀਂ ਕਰਦਾ ਸਗੋਂ ਆਪਣੀ ਵਾਸਨਾ ਦੀ ਪੂਰਤੀ ਦਾ ਵਸੀਲਾ ਬਣਾਉਂਦਾ ਹੈ ਜਿਸਦੀ ਪੂਰਤੀ ਲਈ ਉਹ ਜਦ ਚਾਹੇ ਉਸਨੂੰ ਟੈਲੀਪੋਨ ਕਰਕੇ ਆਪਣੇ ਕਿਰਾਏ ਦੇ ਨਵੇਕਲੇ ਫਲੈਟ ਵਿਚ ਬੁਲਾ ਲੈਂਦਾ ਹੈ। ਜਜ਼ਬਾਤੀ ਬੰਧਨ ਵਿਚ ਬੱਝੀ ਸਮਰ ਉਸ ਕੋਲੋਂ ਕਿਸੇ ਚੀਜ਼ ਦੀ ਮੰਗ ਵੀ ਨਹੀਂ ਕਰਦੀ। ਪਰ ਇਕ ਦਿਨ ਸਮਰ ਨੂੰ ਸ਼ਹਿਬਾਜ਼ ਦੇ ਪਿਆਰ ਦੀ ਅਸਲੀਅਤ ਦਾ ਇਲਮ ਹੋ ਜਾਂਦਾ ਹੈ। ਫਲੈਟ ਦੇ ਦਰਵਾਜ਼ੇ ਤੇ ਖਲੋਤਿਆਂ ਉਸਨੂੰ ਸ਼ਹਿਬਾਜ਼ ਦੀ ਆਪਣੇ ਦੋਸਤ ਨੂੰ ਆਖੀ ਹੋਈ ਇਹ ਗੱਲ ਸੁਣਾਈ ਦਿੰਦੀ ਹੈ :

"ਯਾਰ! ਸਮਝਿਆ ਕਰੋ, ਇੱਥੇ ਤਾਂ ਮਾਮਲਾ ਹੀ ਕੁਝ ਹੋਰ ਹੈ।' ਉਹ ਅਜੀਬ ਜਿਹੇ ਲਹਿਜ਼ੇ ਵਿਚ ਬੋਲਿਆ, 'ਨਾ ਜੇਬ 'ਤੇ ਬੋਝ ਨਾ ਜ਼ਿਹਨ 'ਤੇ ਭਾਰ, ਬੱਸ ਇਕ ਵਾਰ ਆਉਣ ਲਈ ਟੈਲੀਫੋਨ ਕਾਲ। ਹੋਰ ਕੁਝ ਵੀ ਨਹੀਂ, ਬੱਸ ਉਹ ਸਿਰ ਦੇ ਭਾਰ ਦੌੜੀ ਚਲੀ ਆਉਂਦੀ ਹੈ। ਬਈ ਮੈਨੂੰ ਤਾਂ ਉਹ ਸਿਰਫ਼ ਬਾਰਾਂ ਆਨਿਆਂ ਦੀ ਪੈਂਦੀ ਹੈ, ਬਾਰਾਂ ਆਨਿਆਂ ਦੀ।'

ਇਸ ਭਿਆਨਕ ਇੰਕਸ਼ਾਫ਼ ਤੋਂ ਬਾਅਦ ਉਸਨੂੰ ਲਗਦਾ ਹੈ ਕਿ ਉਹ ਇਕ ਕਾਲ ਗਰਲ ਤੋਂ ਵੱਧ ਕੁਝ ਵੀ ਨਹੀਂ। ਸਮਰ ਨੂੰ ਜਦੋਂ ਆਪਣੀ ਇਸ ਤ੍ਰਾਸਦਿਕ ਹੋਣੀ ਦਾ ਅਹਿਸਾਸ ਹੁੰਦਾ ਹੈ ਤਾਂ ਉਸਦਾ ਮਾਨਸਿਕ ਸੰਤੁਲਨ ਡੋਲ ਜਾਂਦਾ ਹੈ ਅਤੇ ਉਹ ਦੀਵਾਨਗੀ ਦੇ ਆਲਮ ਵਿਚ ਆਪਣੀ ਗੁਆਚੀ ਪਛਾਣ ਲੱਭਣ ਦਾ ਜਤਨ ਕਰਦੀ ਹੈ। ਕਹਾਣੀ ਦੀ ਟੈਕਸਟ ਵਿਚ ਇਸਦਾ ਪ੍ਰਗਟਾਵਾ ਉਸਦੇ ਅੰਤਰ-ਮਨ ਦੀਆਂ ਸੋਚਾਂ ਦੇ ਰੂਪ ਵਿਚ ਬਿਆਨ ਕੀਤਾ ਗਿਆ ਹੈ

'ਮੈਂ ਕੌਣ ਹਾਂ? ਉਸਨੇ ਹਨੇਰੇ ਅਤੇ ਪੂਰਨ ਇਕਾਂਤ ਵਿਚ ਚੀਖਦੇ ਹੋਏ ਆਪਣੇ ਆਪ ਨੂੰ ਸਵਾਲ ਕੀਤਾ। ਜ਼ਮੀਨਾਂ ਤੇ ਆਸਮਾਨਾਂ ਦੇ ਦਰਮਿਆਨ ਜੋ ਕੁਝ ਵੀ ਹੈ, ਸਾਰਿਆਂ ਦੀ ਹੋਂਦ ਆਪਣੀ ਜਗ੍ਹਾ 'ਤੇ ਕਾਇਮ ਹੈ, ਸਾਰਿਆਂ ਦੀ ਪਹਿਚਾਨ ਹੈ, ਪਰ ਮੈਂ ? ਉਹ ਬੇਇੰਤਹਾ ਦਰਦ ਨਾਲ ਚੀਖੀ, 'ਪਰ ਮੈਂ ਆਖਰ ਇਤਨੀ ਬੇਨਾਮ ਤੇ ਬੇਵਜੂਦ ਕਿਉਂ? ਮੇਰੀ ਪਛਾਣ ਕਿੱਥੇ ਹੈ? ਮੇਰੇ ਵਾਲ ਤੇ ਪਰ ਕਿਸ ਨੇ ਕੱਟ ਦਿੱਤੇ? ਕਿਸ ਨੇ ਮੇਰੀ ਕੰਘੀ 'ਤੇ ਆਪਣੀ ਮਰਜ਼ੀ ਦੇ ਸੁਰ ਸਜਾਏ, ਮੇਰੇ ਮੱਥੇ 'ਤੇ ਹਰਫ਼ ਲਿਖੇ, ਮਿਟਾਏ, ਕਿਉਂ ਆਖ਼ਰ ਕਿਉਂ?'

ਇਸ ਤਰ੍ਹਾਂ ਇਹ ਕਹਾਣੀ ਔਰਤ ਦੀ ਉਸ ਤ੍ਰਾਸਦਿਕ ਹੋਣੀ ਦੀ ਦਾਸਤਾਨ ਬਿਆਨ ਕਰਦੀ ਹੈ ਜਿਸਦੇ ਲਈ ਸਮੁੱਚਾ ਮਰਦ-ਪ੍ਰਧਾਨ ਮੁਆਸ਼ਰਾ, ਸਦੀਆਂ ਪੁਰਾਣੀ ਪਰੰਪਰਾ ਅਤੇ ਜਾਗੀਰਦਾਰੀ ਵਿਰਸੇ ਦੀ ਉਹ ਵਿਚਾਰਧਾਰਾ ਜ਼ਿੰਮੇਵਾਰ ਹੈ ਜੋ ਔਰਤ ਨੂੰ ਵਿਅਕਤੀ ਨਹੀਂ ਸਗੋਂ ਵਸਤ ਸਮਝਦੀ ਹੈ। ਇਸੇ ਉਲਾਰ ਵਿਚਾਰਧਾਰਾ ਦੇ ਪ੍ਰਭਾਵ ਹੇਠਾਂ ਅਜੋਕਾ ਮੁਆਸ਼ਰਾ ਔਰਤ ਨੂੰ ਮਰਦ ਦੇ ਬਰਾਬਰ ਦਾ ਰੁਤਬਾ ਪ੍ਰਦਾਨ ਕਰਨ ਦੀ ਬਜਾਏ ਉਸ ਵਲ ਗ਼ੁਲਾਮਾਨਾ ਰਵੱਈਆ ਧਾਰਣ ਕਰਦਾ ਹੈ। ਪੱਛਮੀ ਸਮਾਜ-ਸਭਿਆਚਾਰ ਦੇ ਪ੍ਰਭਾਵ ਰਾਹੀਂ ਉੱਸਰ ਰਿਹਾ ਆਧੁਨਿਕਤਾ ਅਤੇ ਉੱਤਰ-ਆਧੁਨਿਕਤਾ ਦਾ ਨਵਾਂ ਮਾਹੌਲ ਵੀ ਇਸ ਪਰੰਪਰਾ ਤੇ ਵਿਚਾਰਧਾਰਾ ਨੂੰ ਪੂਰੀ ਤਰ੍ਹਾਂ ਬੇ-ਅਸਰ ਕਰਨ ਵਿਚ ਸਫਲ ਨਹੀਂ ਹੋ ਸਕਿਆ। ਸੱਚ ਤਾਂ ਇਹ ਹੈ ਕਿ ਭਾਰਤ ਅਤੇ ਪਾਕਿਸਤਾਨ ਵਰਗੇ ਤੀਸਰੀ ਦੁਨੀਆਂ ਦੇ ਮੁਲਕਾਂ ਵਿਚ ਆਰਥਿਕ ਗਲੋਬਲਾਈਜ਼ੇਸ਼ਨ ਦਾ ਝੁਲ ਰਿਹਾ ਹੁਣਵਾਂ ਝੱਖੜ ਵੀ ਅੰਤਿਮ ਤੌਰ ਤੇ ਖਪਤ-ਸਭਿਆਚਾਰ ਨੂੰ ਉਤਸਾਹਿਤ ਕਰਕੇ ਮਾਨਵੀ ਰਿਸ਼ਤਿਆਂ ਦੀ ਬੇਕਦਰੀ ਹੀ ਸਿਖਾਉਂਦਾ ਹੈ।

ਸਮੁੱਚੇ ਤੌਰ ਤੇ ਬੁਸ਼ਰਾ ਏਜਾਜ਼ ਦਾ ਇਹ ਕਹਾਣੀ-ਸੰਗ੍ਰਹਿ ਭਾਰਤ ਪਾਕ ਦੇ ਪੰਜਾਬੀ ਭਾਈਚਾਰਿਆਂ ਦੀਆਂ ਹੋਂਦ-ਮੁਖੀ ਸਮੱਸਿਆਵਾਂ ਦਾ ਬਿਰਤਾਂਤ ਪੇਸ਼ ਕਰਦਾ ਹੈ। ਇਹ ਸਮਕਾਲੀ ਵਿਵਸਥਾ ਵਿਚ ਔਰਤ ਨਾਲ ਹੁੰਦੀਆਂ ਵਧੀਕੀਆਂ ਦੇ ਵਿਭਿੰਨ ਪ੍ਰਸੰਗਾਂ ਦੀ ਨਿਸ਼ਾਨਦੇਹੀ ਕਰਦਾ ਹੈ ਅਤੇ ਉਸਦੇ ਜਜ਼ਬਾਤੀ, ਰੂਹਾਨੀ ਅਤੇ ਜਿਸਮਾਨੀ ਸ਼ੋਸ਼ਣ

ਦੀ ਅਣਕਹੀ ਦਾਸਤਾਨ ਬਿਆਨ ਕਰਦਾ ਹੈ। ਇਹ ਕਹਾਣੀਆਂ ਔਰਤ ਦੀ ਸੁਤੰਤਰ ਹਸਤੀ ਅਤੇ ਕਾਮਨਾ ਦੇ ਦਮਨ ਨੂੰ ਮੂਰਤੀਮਾਨ ਕਰਦਿਆਂ ਉਸਨੂੰ ਅਜੋਕੇ ਦੌਰ ਦੀ ਹਕੀਕਤ ਦਾ ਲੇਖਾ-ਜੋਖਾ ਕਰਨ ਵਾਲੀ ਇਕ ਅਹਿਮ ਅਲਾਮਤ (ਪ੍ਰਤੀਕ) ਬਣਾ ਦਿੰਦਾ ਹੈ। ਨਿਸ਼ਚੇ ਹੀ, ਇਸ ਖ਼ੂਬਸੂਰਤ ਕਹਾਣੀ-ਸੰਗ੍ਰਹਿ ਦਾ ਸਮੁੱਚੇ ਪੰਜਾਬੀ ਪਾਠਕਾਂ ਵਲੋਂ ਭਰਵਾਂ ਸਵਾਗਤ ਕੀਤੇ ਜਾਣ ਦੀ ਆਸ ਰੱਖੀ ਜਾ ਸਕਦੀ ਹੈ।